


ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

# ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ

**ਪ੍ਰਕਾਸ਼ਕ :** ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)
ਮੋ. 98148-39944 E-mail:sgrmpsp@hotmail.com (ਰਜਿ. ਨੰ. 179-2006-07)
ਮੁੱਖ ਦਫ਼ਤਰ - ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ

ਟ੍ਰੈਕਟ ਨੰ. 25/ ਪਹਿਲੀ ਵਾਰ 6000/ ਫਰਵਰੀ 2014 / ਕੀਮਤ : ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ

# ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ


ੴ ਸਤਿਗੁਰ ਪ੍ਰਸਾਦਿ॥

ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ॥
ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰ ਤਲ ਤਾ ਕੇ॥੧॥
ਹਰਿ ਹਰਿ ਹਰਿ ਨ ਜਪਹਿ ਰਸਨਾ॥
ਅਵਰ ਸਭ ਤਿਆਗਿ ਬਚਨ ਰਚਨਾ॥੧॥ ਰਹਾਉ॥
ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ॥
ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ॥੨॥
ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ॥
ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿਜਨਮ ਮਰਨ ਭੈ ਭਾਗੀ॥੩॥੪॥


(ਪੰਨਾ 658)

ਹੇ ਮਾਨਵ ! ਜਿਸ ਸੁੱਖਾਂ ਦੇ ਸਾਗਰ ਪ੍ਰਭ ਦੇ ਵਸ ਵਿਚ ਸਵਰਗ ਦੇ ਪੰਜੇ ਰੁੱਖ, ਚਿੰਤਾਮਣੀ ਤੇ ਕਾਮਧੇਨ ਹਨ - ਉਸ ਪ੍ਰਭ ਦੇ ਹੱਥ ਦੀ ਤਲੀ 'ਤੇ ਚਾਰ ਪਦਾਰਥ, ਅਠਾਰਾਂ ਸਿੱਧੀਆਂ ਅਤੇ ਨੌ ਖਜ਼ਾਨੇ ਹਨ॥੧॥ ਇਸ ਕਰਕੇ ਤੂੰ ਬਾਕੀ ਫੋਕੀਆਂ ਗੱਲਾਂ ਛੱਡ ਕੇ ਪ੍ਰਭ ਦਾ ਸਿਮਰਨ ਕਿਉਂ ਨਹੀਂ ਕਰਦਾ?॥ ਰਹਾਉ॥ ਹੇ ਪੰਡਿਤ ! ਪੁਰਾਣਾਂ, ਵੇਦਾਂ ਆਦਿ ਦੀਆਂ ਕਥਾਵਾਂ ਤੇ ਵਿਧੀਆਂ ਦੇਵਨਾਗਰੀ ਦੇ ਚੌਤੀ ਅੱਖਰਾਂ ਵਿਚ ਰਚਿਆ ਸਾਹਿਤ ਕੇਵਲ ਵਾਕ ਰਚਨਾ ਹਨ। ਵੇਦਾਂ ਦੇ ਖੋਜੀ ਵੇਦ ਵਿਆਸ ਜੀ ਨੇ ਵਿਚਾਰ ਕੇ ਇਹ ਸਿੱਟਾ ਕੱਢਿਆ ਹੈ ਕਿ ਇਹ ਤਾਂ ਪ੍ਰਭ ਸਿਮਰਨ ਦੇ ਬਰਾਬਰ ਵੀ ਨਹੀਂ ਹਨ॥੨॥ ਉਹ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਦੀ ਪ੍ਰਭ ਸਿਮਰਨ ਵਿਚ ਸੁਰਤੀ ਲੱਗ ਗਈ ਹੈ। - ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਉਨ੍ਹਾਂ ਦੇ ਮਨ ਵਿਚ ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ ਤੇ ਉਹ ਜਨਮ-ਮਰਨ ਦੇ ਡਰ ਤੋਂ ਮੁਕਤ ਹੋ ਗਏ ਹਨ॥੩॥੪॥



**ਵਿਸ਼ਵ ਸ਼ਾਂਤੀ ਸੰਵਿਧਾਨ ਦੇ ਨਿਰਮਾਤਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 637ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ**




ਪ੍ਰਿੰ. ਹਰਨੇਕ ਸਿੰਘ
ਭੋਗਪੁਰ



ਸ੍ਰੀ ਤੋਤਾ ਮੱਲ
ਅਹਿਨਖੇੜੀ ਮਲੇਰਕੋਟਲਾ



ਨੰਬਰਦਾਰ ਦੀਦਾਰ ਸਿੰਘ
ਕੋਟਲੀ ਅਰਾਈਆਂ



ਪੱਪੀ
ਧੁਦਿਆਲ ਵਾਲਾ

# ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਵਿਚਾਰਧਾਰਾ ਸੰਬੰਧੀ ਭੁਲੇਖੇ ਭਾਗ-1

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੇ 40 ਸ਼ਬਦ ਅਤੇ 1 ਸਲੋਕ 16 ਰਾਗਾਂ ਵਿਚ ਅੰਕਿਤ ਹਨ। ਗੁਰੂ ਜੀ ਦਾ ਇਕ ਸ਼ਬਦ **ਸੁਖ ਸਾਗਰ ਸੁਰਤਰ ਚਿੰਤਾ ਮਨਿ...॥** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਅੰਤਰ ਨਾਲ 2 ਵਾਰ ਦਰਜ ਹੋਇਆ ਹੈ। ਇਸ ਸੰਬੰਧੀ ਸਾਧਕ ਨੂੰ ਇਹ ਭੁਲੇਖਾ ਲੱਗਦਾ ਹੈ ਕਿ ਸ਼ਾਇਦ ਇਹ ਇਕ ਹੀ ਸ਼ਬਦ ਹੈ ਜਾਂ ਕੀ ਕਾਰਨ ਹੈ ਕਿ ਇਹ ਸ਼ਬਦ ਦੋ ਵਾਰ ਦਰਜ ਹੋਇਆ ਹੈ ? ਜਾਂ ਇਨ੍ਹਾਂ ਦੋਹਾਂ ਸ਼ਬਦਾਂ ਵਿਚ ਕੀ-ਕੀ ਅੰਤਰ ਹੈ ?

ਕੁਝ ਟੀਕਾਕਾਰਾਂ ਨੇ ਇਸ ਸ਼ਬਦ ਨੂੰ ਡੂੰਘਾਈ ਨਾਲ ਸਮਝਣ ਦੀ ਬਜਾਏ ਇਸ ਦੀ ਵਿਆਖਿਆ ਵਿਚ ਕੋਈ ਅੰਤਰ ਨਹੀਂ ਕੀਤਾ ਤੇ ਇਹ ਹੀ ਲਿਖ ਦਿੱਤਾ ਕਿ ਇਸ ਸ਼ਬਦ ਦੀ ਵਿਆਖਿਆ ਤੁਸੀਂ ਪਹਿਲਾਂ ਪੜ੍ਹ ਚੁੱਕੇ ਹੋ। ਜਦਕਿ ਇਸ ਸ਼ਬਦ ਵਿਚ ਕੁਝ ਅਹਿਮ ਤਬਦੀਲੀਆਂ ਹਨ। ਇਸੇ ਕਾਰਨ ਹੀ ਇਹ ਸ਼ਬਦ ਦੋ ਵਾਰ ਦਰਜ ਹੋਇਆ ਹੈ। ਸਭ ਤੋਂ ਵੱਡਾ ਅੰਤਰ ਇਹ ਹੈ ਕਿ ਪਹਿਲਾ ਸ਼ਬਦ ਰਾਗ ਸੋਰਠਿ ਅਤੇ ਦੂਸਰਾ ਸ਼ਬਦ ਰਾਗ ਮਾਰੂ ਵਿਚ ਹੈ। ਰਾਗ ਸੋਰਠਿ ਵਿਚ ਦਰਜ ਸ਼ਬਦ ਅਤੇ ਇਸ ਦੀ ਸੰਖੇਪ ਵਿਆਖਿਆ ਤੁਸੀਂ ਇਸ **ਟ੍ਰੈਕਟ ਦੇ ਪੰਨਾ 2** 'ਤੇ ਪੜ੍ਹੋ ਜੀ। ਇਹਨਾਂ ਸ਼ਬਦਾਂ ਵਿਚ ਬਾਕੀ ਤਬਦੀਲੀਆਂ ਇਸ ਪ੍ਰਕਾਰ ਹਨ। ਰਾਗ ਸੋਰਠਿ ਵਿਚ **'ਰੇ'** ਸ਼ਬਦ ਨਹੀਂ ਹੈ ਜਦਕਿ ਮਾਰੂ ਵਿਚ **ਕਾਮਧੇਨੁ ਬਸਿ ਜਾ ਕੇ 'ਰੇ'॥** ਆਇਆ ਹੈ। ਰਾਗ ਸੋਰਠਿ ਵਿਚ ਜਿੱਥੇ **'ਦਸਾ'**, **'ਜਪਹਿ'**, **'ਤਿਆਗਿ'**, **'ਅਖਰ'**, **'ਫੁਨਿ'**, **'ਪ੍ਰਗਾਸ ਰਿਦੈ ਧਰਿ'** ਉਥੇ ਮਾਰੂ ਵਿਚ ਇਹਨਾਂ ਦੀ ਥਾਂ 'ਤੇ **'ਮਹਾ'**, **'ਜਪਸਿ'**, **'ਛਾਡਿ'**, **'ਅਛਰ'**, **'ਹੋਇ'**, **'ਉਦਾਸ ਦਾਸ ਮਤਿ'** ਸ਼ਬਦ ਆਏ ਹਨ।

ਰਾਗ ਸੋਰਠਿ ਪਿਆਰ ਦਾ ਰਾਗ ਹੈ ਇਸ ਕਰਕੇ ਗੁਰੂ ਰਵਿਦਾਸ ਜੀ ਪਹਿਲੇ ਸ਼ਬਦ ਨੂੰ ਸੋਰਠਿ ਰਾਗ ਵਿਚ ਉਚਾਰ ਕੇ ਬ੍ਰਾਹਮਣਾਂ ਨੂੰ ਬੜੇ ਪਿਆਰ ਨਾਲ ਸਮਝਾਉਂਦੇ ਹਨ ਕਿ ਸੁਰਤਰ (ਸਵਰਗ ਦੇ ਰੁੱਖ), ਚਿੰਤਾਮਨਿ (ਪੁਰਾਣਾਂ ਅਨੁਸਾਰ ਇਕ ਮਣੀ ਜੋ ਮਨ ਚਿਤਵੇ ਪਦਾਰਥ ਦਿੰਦੀ ਹੈ), ਕਾਮਧੇਨੁ (ਪੁਰਾਣਾਂ ਅਨੁਸਾਰ ਇਕ ਗਊ ਜੋ ਮਨ ਚਿਤਵੇ ਪਦਾਰਥ ਦਿੰਦੀ ਹੈ), ਚਾਰਿ ਪਦਾਰਥ (ਧਰਮ, ਅਰਥ, ਕਾਮ, ਮੋਖ) ਅਸਟ ਦਸਾ ਸਿਧਿ (ਅਠਾਰਾਂ ਸਿੱਧੀਆਂ) ਨਵਨਿਧਿ (ਨੌਂ ਖਜ਼ਾਨੇ) ਕਿਸੇ ਅਖੌਤੀ ਭਗਵਾਨਾਂ ਅਤੇ ਦੇਵੀ-ਦੇਵਤਿਆਂ ਦੇ ਹੱਥਾਂ ਵਿਚ ਨਹੀਂ ਹਨ ਇਹ ਤਾਂ ਉਸ ਪਾਰਬ੍ਰਹਮ ਪ੍ਰਭ ਦੇ ਹੱਥ (ਵੱਸ) ਵਿਚ ਹਨ। ਇਸ ਕਰਕੇ ਜਿੰਨਾ ਵੀ ਤੁਹਾਡਾ ਸਾਹਿਤ ਦੇਵਨਾਗਰੀ ਦੇ ਚੌਂਤੀ ਅੱਖਰਾਂ ਵਿਚ ਲਿਖਿਆ ਹੈ (ਜਿਸ ਵਿਚ ਉਚ-ਨੀਚ, ਜਾਤ-ਪਾਤ ਆਦਿ ਗ਼ੈਰ ਬਰਾਬਰੀ ਵੀ ਹੈ) ਉਸ ਨੂੰ ਤਿਆਗ ਕੇ ਕੇਵਲ ਪ੍ਰਭ ਦਾ ਸਿਮਰਨ ਹੀ ਕਰੋ ਅਤੇ ਉਸ ਪ੍ਰਭ ਦੇ ਹੁਕਮ ਅਨੁਸਾਰ ਚੱਲੋ। ਪ੍ਰੰਤੂ ਇਹ ਗੱਲ ਬ੍ਰਾਹਮਣਾਂ ਨੂੰ ਪ੍ਰਵਾਨ ਨਾ ਹੋਈ ਕਿਉਂਕਿ ਇਹ ਉਨ੍ਹਾਂ ਦੀ ਉਚ ਜਾਤੀ ਹਉਮੈ ਨੂੰ ਸੱਟ ਮਾਰਦੀ ਸੀ। ਕੁਝ ਚਿਰ ਉਡੀਕ ਕਰਨ ਪਿਛੋਂ ਗੁਰੂ ਰਵਿਦਾਸ ਜੀ ਨੇ ਇਹੀ ਸ਼ਬਦ ਕੁਝ ਤਬਦੀਲੀਆਂ ਸਹਿਤ ਰਾਗ ਮਾਰੂ ਵਿਚ ਉਚਾਰਨ ਕੀਤਾ। ਰਾਗ ਮਾਰੂ ਵੈਰਾਗ, ਯੁੱਧ ਅਤੇ ਜੋਸ਼ ਦਾ ਰਾਗ ਹੈ। ਸੋ ਇਸ ਸ਼ਬਦ ਵਿਚ ਗੁਰੂ ਜੀ ਬ੍ਰਾਹਮਣਾਂ ਦੇ ਸਤਾਏ ਅਤੇ ਲਤਾੜੇ ਹੋਏ ਲੋਕਾਂ ਭਾਵ ਸ਼ੂਦਰਾਂ, ਅਛੂਤਾਂ ਆਦਿ ਨੂੰ ਸੰਬੋਧਨ ਕਰਕੇ ਉਪਰੋਕਤ ਪਦਾਰਥਾਂ ਦੀ ਅਸਲੀਅਤ ਨੂੰ ਸਪੱਸ਼ਟ ਕਰਕੇ ਕ੍ਰਾਂਤੀ ਮਚਾਉਣ ਦਾ ਆਦੇਸ਼ ਦਿੰਦੇ ਹਨ ਅਤੇ ਵੇਦਾਂ ਦੇ ਗਿਆਤਾ ਮਹਾਂਰਿਸ਼ੀ ਵੇਦ ਵਿਆਸ ਜੀ ਦਾ ਹਵਾਲਾ ਦਿੰਦੇ ਸਮਝਾਉਂਦੇ ਹਨ ਕਿ ਇਨ੍ਹਾਂ ਗ੍ਰੰਥਾਂ ਨੂੰ ਪੜ੍ਹਨ ਤੋਂ ਬਾਅਦ

ਵੇਦ ਵਿਆਸ ਜੀ ਨੇ ਇਹੀ ਸਿੱਟਾ ਕੱਢਿਆ ਹੈ ਕਿ ਇਹ ਕੇਵਲ ਵਾਕ ਰਚਨਾ ਹਨ ਅਤੇ ਇਹ ਪ੍ਰਭ ਦੇ ਨਾਮ ਦੇ ਬਰਾਬਰ ਵੀ ਨਹੀਂ ਹਨ। ਇਸ ਕਰਕੇ ਇਨ੍ਹਾਂ ਨੂੰ ਛੱਡੇ ਬਿਨਾਂ ਤੁਹਾਨੂੰ ਮੁਕਤੀ ਨਹੀਂ ਮਿਲ ਸਕਦੀ। ਸੋ ਇਨ੍ਹਾਂ ਕਰਮਕਾਂਡਾਂ ਤੇ ਪਾਖੰਡਾਂ ਤੋਂ ਮੁਕਤ ਹੋ ਕੇ ਆਪਣੀ ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਕਾਨੂੰਨੀ ਅਜ਼ਾਦੀ ਲਈ ਕ੍ਰਾਂਤੀ ਮਚਾ ਦਿਉ। ਗੁਰੂ ਰਵਿਦਾਸ ਜੀ ਦੀ ਇਸ ਮਾਰੂ ਰਾਗ ਦੀ ਧੁਨ ਨੇ ਨਿਮਾਣਿਆਂ, ਨਿਤਾਣਿਆਂ, ਲਿਤਾੜਿਆਂ, ਨਿਓਟਿਆਂ ਅਤੇ ਸਤਾਏ ਹੋਏ ਲੋਕਾਂ ਵਿਚ ਅਣਖ਼ ਅਤੇ ਜੁਰਅਤ ਪੈਦਾ ਕੀਤਾ। ਸੰਗੀਤ ਸ਼ਾਸ਼ਤਰੀਆਂ ਅਨੁਸਾਰ ਰਾਗ ਮਾਰੂ ਦਾ ਇਹੀ ਪ੍ਰਭਾਵ ਹੈ - "ਸੁਨ ਕੈ ਸੁਧ ਨ ਰਹੇ ਕਾਯਰ ਕੀ, ਜਬ ਬਾਜੇ ਧੁਨ ਮਾਰੂ"

ਪ੍ਰੋ. ਲਾਲ ਸਿੰਘ ਆਪਣੀ ਪੁਸਤਕ 'ਸਟੀਕ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਤੱਤ ਸਿਧਾਂਤ' ਵਿਚ ਇਸ ਸੰਬੰਧੀ ਬਹੁਤ ਵਿਸਥਾਰ ਸਹਿਤ ਚਾਨਣਾ ਪਾਉਂਦੇ ਹਨ ਜਿਸ ਦੀਆਂ ਕੁਝ ਸਤਰਾਂ ਇਸ ਪ੍ਰਕਾਰ ਹਨ 'ਇਸ ਤਰ੍ਹਾਂ ਮਾਰੂ ਦੇ ਨਿਰਦੇਸ਼ਨ ਵਿਚ ਗਾਉਣ ਨਾਲ ਇਸ ਸ਼ਬਦ ਦੀ ਵਿਚਾਰਧਾਰਾ ਦਾ ਬੁਨਿਆਦੀ ਪ੍ਰਭਾਵ ਬਦਲ ਗਿਆ ਹੈ। ਇਸ ਰਾਗ ਦੇ ਨਿਰਦੇਸ਼ਨ ਵਿਚ ਇਹ ਵਿਚਾਰਧਾਰਾ ਜੁਝਾਰੂ (ਕ੍ਰਾਂਤੀਕਾਰੀ) ਬਣ ਗਈ ਹੈ ਅਤੇ ਸਤਾਏ ਅਤੇ ਲਿਤਾੜੇ ਹੋਏ ਲੋਕ ਯੋਧੇ ਬਣ ਗਏ ਹਨ। ਇਸ ਕਰਕੇ ਇਸ ਸ਼ਬਦ ਵਿਚ ਨਿਰਭੈ ਬਣ ਕੇ ਕ੍ਰਾਂਤੀ ਮਚਾਉਣ ਦਾ ਹੁਕਮ ਹੈ।'



ਸੋ ਸਪੱਸ਼ਟ ਹੈ ਕਿ ਇਹ ਸ਼ਬਦ ਇਕ ਨਹੀਂ ਦੋ ਸ਼ਬਦ ਹਨ। ਦੋਹਾਂ ਸ਼ਬਦਾਂ ਵਿਚ ਅਲੱਗ-ਅਲੱਗ ਵਿਚਾਰਧਾਰਾ ਵਿਚਰ ਰਹੀ ਹੈ। ਇਨ੍ਹਾਂ ਸ਼ਬਦਾਂ ਨੂੰ ਗਾਉਣ ਦਾ ਤਰੀਕਾ ਵੀ ਅਲੱਗ-ਅਲੱਗ ਹੈ।

ਚਰਨਜੀਤ ਸਿੰਘ ਬਿਨਪਾਲਕੇ
98148-39944

# ਕੀ ਅਸੀਂ ਅਹਿਸਾਨ ਫਰਾਮੋਸ਼ ਤਾਂ ਨਹੀਂ?

'ਅਹਿਸਾਨ-ਫਰਾਮੋਸ਼' ਸ਼ਬਦ ਅਰਬੀ ਅਤੇ ਫ਼ਾਰਸੀ ਸ਼ਬਦਾਂ ਦਾ ਸੁਮੇਲ ਹੈ। ਇਸ ਤੋਂ ਭਾਵ ਹੈ ਅਕ੍ਰਿਤਘਣ ਜਾਂ ਕਿਸੇ ਦੇ ਕੀਤੇ ਉਪਕਾਰ ਨੂੰ ਵਿਸਾਰਨ ਵਾਲਾ ਜਾਂ ਨਾ-ਸ਼ੁਕਰਾ ਆਦਿ। ਜਦੋਂ ਅਸੀਂ ਨਿੱਜੀ ਜ਼ਿੰਦਗੀ ਵਿਚ ਅਹਿਸਾਨ-ਫਰਾਮੋਸ਼ੀ ਕਰਦੇ ਹਾਂ ਤਾਂ ਉਸ ਦੇ ਨੁਕਸਾਨ ਦਾ ਦਾਇਰਾ ਸਾਡੇ ਤੱਕ ਸੀਮਤ ਹੁੰਦਾ ਹੈ ਪਰ ਜਦੋਂ ਸਮਾਜਿਕ ਪੱਧਰ ਜਾਂ ਕੌਮੀ ਪੱਧਰ 'ਤੇ ਅਹਿਸਾਨ-ਫਰਾਮੋਸ਼ੀ ਕੀਤੀ ਜਾਂਦੀ ਹੈ ਤਾਂ ਉਸ ਦਾ ਨਤੀਜਾ ਸਾਡੀਆਂ ਅਗਲੀਆਂ ਪੁਸ਼ਤਾਂ ਨੂੰ ਵੀ ਭੁਗਤਣਾ ਪੈਂਦਾ ਹੈ। ਇਹੀ ਕੁਝ ਵਾਪਰਿਆ ਹੈ ਸਾਡੇ ਸਮਾਜ ਅੰਦਰ ਜਿਸ ਕਾਰਨ ਅੱਜ ਵੀ ਸਾਡਾ ਸਮਾਜ ਜਾਤ-ਪਾਤ ਤੇ ਛੂਆ-ਛਾਤ ਦੀ ਭੱਠੀ ਦੇ ਸੇਕ ਨੂੰ ਆਪਣੇ ਪਿੰਡੇ 'ਤੇ ਹੰਢਾਅ ਰਿਹਾ ਹੈ। ਅੱਜ ਵੀ ਸਾਡਾ ਸਮਾਜ ਗਰੀਬ, ਅਨਪੜ੍ਹ, ਲਾਚਾਰ, ਧਰਮਹੀਣ, ਇੱਜ਼ਤਹੀਣ ਹੈ। ਸਾਡੀ ਇਤਨੀ ਜ਼ਿਆਦਾ ਗਿਣਤੀ ਹੋਣ ਦੇ ਬਾਵਜੂਦ ਵੀ ਦੁਨੀਆਂ ਦੇ ਨਕਸ਼ੇ 'ਤੇ ਸਾਡੀ ਕੋਈ ਪਹਿਚਾਣ ਨਹੀਂ ਹੈ। ਕਿਉਂਕਿ ਸਾਡੇ ਸਮਾਜ ਦੇ ਵੱਡੇ ਸਮੂਹ ਨੇ ਆਪਣੇ ਰਹਿਬਰਾਂ ਦੇ ਕੀਤੇ ਉਪਕਾਰਾਂ ਨੂੰ ਭੁਲਾ ਦਿੱਤਾ ਹੈ। ਅੱਜ ਤੋਂ ਸੈਂਕੜੇ ਸਾਲ ਪਹਿਲਾਂ ਛੂਆ-ਛਾਤ ਅਤੇ ਊਚ-ਨੀਚ

ਦਾ ਜ਼ੁਲਮ ਕਰਨ ਵਾਲੇ ਅਤੇ ਜ਼ੁਲਮ ਹੁੰਦਾ ਦੇਖਣ ਵਾਲੇ ਤਾਂ ਬਹੁਤ ਸਨ ਪਰ ਇਨ੍ਹਾਂ ਜ਼ਾਲਮਾਂ ਨੂੰ ਵੰਗਾਰਨ ਵਾਲੇ ਅਤੇ ਸਾਡੀ ਬਾਂਹ ਫੜਨ ਵਾਲੇ ਕੌਣ ਸਨ ਭਗਵਾਨ ਵਾਲਮੀਕ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰ ਰਵਿਦਾਸ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਨਾਨਕ ਦੇਵ ਜੀ। ਇਨ੍ਹਾਂ ਰਹਿਬਰਾਂ ਦੇ ਉਪਕਾਰਾਂ ਦੀ ਬਦੌਲਤ ਅੱਜ ਅਸੀਂ ਕੁਝ ਅਜ਼ਾਦ ਹੋਏ ਹਾਂ। ਅਜ਼ਾਦ ਹੋ ਕੇ ਕੀ ਇਨ੍ਹਾਂ ਰਹਿਬਰਾਂ ਦੇ ਉਪਕਾਰ ਸਾਨੂੰ ਯਾਦ ਹਨ ? ਬਿਲਕੁੱਲ ਨਹੀਂ ਕਿਉਂ ਸਾਡੀ ਤਾਂ ਉਹ ਹਾਲਤ ਹੈ **ਦਾਤ ਪਿਆਰੀ ਵਿਸਰਿਆ ਦਾਤਾਰ॥** ਅੱਜ ਸਾਡੇ ਸਮਾਜ ਦੇ ਚੰਦ ਕੁ ਲੋਕ ਸਾਲ ਦੇ 365 ਦਿਨਾਂ ਵਿਚ ਕੇਵਲ ਇਕ ਦਿਨ ਇਨ੍ਹਾਂ ਰਹਿਬਰਾਂ ਦੀ ਜੈ ਬੁਲਾਉਂਦੇ ਹਨ ਬਾਕੀ ਦੇ 364 ਦਿਨ ਦੂਸਰਿਆਂ ਦੀ ਜੈ-ਜੈ ਕਾਰ ਕਰਨ ਵਿਚ ਦਿਨ-ਰਾਤ ਇਕ ਕਰਦੇ ਹਨ। ਅਸੀਂ ਇਨ੍ਹਾਂ ਦੇ ਕੀਤੇ ਅਹਿਸਾਨਾਂ ਤੋਂ ਪੈਦਾ ਹੋਈਆਂ ਸੁੱਖ ਸਹੂਲਤਾਂ ਨੂੰ ਮਾਣਿਆ ਹੈ ਪਰ ਇਨ੍ਹਾਂ ਰਹਿਬਰਾਂ ਨੂੰ ਅਪਣਾਇਆ ਨਹੀਂ। ਅਸੀਂ ਦੂਸਰਿਆਂ ਦੇ ਧਾਰਮਿਕ ਗਲਿਆਰਿਆਂ ਵਿਚ ਜਾ ਕੇ ਕੈਦ ਹੋ ਗਏ ਪਰ ਪਹਿਲਾਂ ਇਹ ਤਾਂ ਦੱਸੋ ਕਿ ਇਨ੍ਹਾਂ ਰਹਿਬਰਾਂ ਦੇ ਧਾਰਮਿਕ ਉਪਦੇਸ਼ਾਂ, ਸਿਧਾਂਤਾਂ ਵਿਚ ਕੀ ਕਮੀ ਸੀ। ਸੰਸਾਰ ਦੇ ਦੂਸਰੇ ਲੋਕ ਇਨ੍ਹਾਂ ਰਹਿਬਰਾਂ ਦੀ ਬਾਣੀ ਤੋਂ ਚਾਨਣਾ ਲੈ ਰਹੇ ਹਨ ਤੇ ਅਸੀਂ ਇਨ੍ਹਾਂ ਨੂੰ ਤਿਲਾਂਜ਼ਲੀ ਦੇ ਰਹੇ ਹਾਂ। ਇਸ ਦਾ ਨਤੀਜਾ ਅੱਜ ਅਸੀਂ ਗਰੀਬੀ, ਲਾਚਾਰੀ, ਅਨਪੜ੍ਹਤਾ, ਨਸ਼ਾਖੋਰੀ, ਬੀਮਾਰੀਆਂ, ਅਪਮਾਨ ਭਰੀ ਜ਼ਿੰਦਗੀ ਦੇ ਰੂਪ ਵਿਚ ਭੁਗਤ ਰਹੇ ਹਾਂ ਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਸ ਨੂੰ ਹੋਰ ਵੀ ਵਧੀਆ ਤਰੀਕੇ ਨਾਲ ਭੁਗਤਣਗੀਆਂ।

ਸਾਡੇ ਸਮਾਜ ਦਾ ਮਨੁੱਖ ਆਪਣੇ ਕੰਮ ਵਿਚ ਐਨਾ ਰੁਝਿਆ ਹੋਇਆ ਹੈ ਕਿ ਉਸ ਕੋਲ ਆਪਣੇ ਧਰਮ, ਆਪਣੇ ਰਹਿਬਰ, ਆਪਣੇ ਸਮਾਜ ਲਈ ਸਮਾਂ ਹੀ ਨਹੀਂ ਹੈ। ਦੇਖੋ ਉਸ ਦਾ ਜੀਵਨ ਸਕੈਚ। ਪਹਿਲਾਂ ਤੰ ਉਹ ਆਪਣੇ ਆਪ ਨੂੰ ਪਾਲਦਾ ਹੈ, ਫਿਰ ਆਪਣੇ ਭੈਣਾਂ-ਭਰਾਵਾਂ ਨੂੰ, ਫਿਰ ਉਸ ਦੇ ਆਪਣੇ ਬੱਚੇ ਹੋ ਜਾਂਦੇ ਹਨ, ਉਨ੍ਹਾਂ ਨੂੰ ਪਾਲਦਾ ਹੈ। ਤਾਂ ਫਿਰ ਉਸ ਦੇ ਪੋਤੇ-ਪੋਤੀਆਂ ਹੋ ਜਾਂਦੇ ਹਨ ਉਨ੍ਹਾਂ ਨੂੰ ਪਾਲਦਾ ਹੈ। ਉਹ ਭਲਿਆ ਆਪਣਿਆਂ ਨੂੰ ਹੀ ਪਾਲੀ ਜਾਵੇਂਗਾ ਕਿ ਆਪਣੇ ਸਮਾਜ, ਧਰਮ, ਕੌਮ ਦਾ ਵੀ ਸੋਚੇਗਾ। ਨਾਲੇ ਤੈਨੂੰ ਪਤਾ ਨਹੀਂ ਤੇਰੇ ਇਸ ਪਰਿਵਾਰਕ ਮੋਹ ਨੇ ਤੇਰੇ ਭਰਾਵਾਂ, ਪੁੱਤਰਾਂ ਨੂੰ ਦਲਿੱਦਰੀ, ਅਪੰਗ ਤੇ ਨਸ਼ਈ ਬਣਾ ਦਿੱਤਾ ਹੈ। ਆਪਣੇ ਸਮਾਜ ਵਿਚ ਗਰੀਬੀ ਕੱਟ ਕੇ ਅਮੀਰ ਹੁੰਦਿਆਂ ਹੀ ਅਸੀਂ ਸੰਸਾਰ ਦੀਆਂ ਚਾਂਦੀ ਦੀਆਂ ਛਿੱਲੜਾਂ ਦੀ ਸ਼ਾਨੋ-ਸ਼ੌਕਤ ਵਿਚ ਗੁਆਚ ਜਾਂਦੇ ਹਾਂ। ਸਾਡੇ ਸਮਾਜ ਦੇ ਕੁਝ ਵੱਡੇ ਅਫ਼ਸਰ, ਡਾਕਟਰ, ਵਕੀਲ, ਇੰਜੀਨੀਅਰ ਅਤੇ ਅਮਰੀਕਾ ਕੈਨੇਡਾ ਆਦਿ ਅਮੀਰ ਮੁਲਕਾਂ ਵਿਚ ਸੈਟਲ ਹੋਏ ਸਾਡੇ ਭੈਣ-ਭਰਾਵਾਂ ਨੂੰ ਆਪਣੇ ਸਮਾਜ ਤੋਂ ਬੋਅ ਆਉਣ ਲੱਗਦੀ ਹੈ। ਕੀ ਇਹ ਅਹਿਸਾਨ-ਫਰਾਮੋਸ਼ੀ ਨਹੀਂ ?

ਅਸੀਂ ਪਹਿਲਾਂ ਚਮਾਰ ਵਰਗ ਨੂੰ ਸੰਬੋਧਨ ਕਰਦੇ ਹਾਂ ਕਿ ਤੈਨੂੰ ਸਭ ਤੋਂ ਵੱਧ ਕਿਸ ਨੇ ਦਿੱਤਾ। ਸਿਰਫ਼ ਸਤਿਗੁਰੂ ਰਵਿਦਾਸ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ। ਤੂੰ ਕਦੇ ਵੀ ਇਸ ਤੋਂ ਮੁਨਕਰ ਨਹੀਂ ਹੋ ਸਕਦਾ। ਪਰ ਕੀ ਤੇਰੇ ਅਤੇ ਤੇਰੇ ਬੱਚਿਆਂ ਦੀ ਜ਼ੁਬਾਨ 'ਤੇ ਇਨ੍ਹਾਂ ਰਹਿਬਰਾਂ ਦਾ ਨਾਂਅ ਹੈ ? ਹੁਣ ਮੈਂ ਸੰਬੋਧਨ ਕਰਾਂ ਉਨ੍ਹਾਂ 36 ਜਾਤਾਂ ਨੂੰ ਜਿਹੜੀਆਂ ਐਸ.ਸੀ. ਵਰਗ ਵਿਚ ਆਉਂਦੀਆਂ ਹਨ ਕਿ ਤੁਹਾਨੂੰ ਸਭ ਤੋਂ ਵੱਧ ਕਿਸ ਨੇ ਦਿੱਤਾ। ਕੇਵਲ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ (ਜਿਹੜੇ ਲੈ ਨਹੀਂ ਸਕੇ ਇਹ ਉਨ੍ਹਾਂ ਦੀ ਕਮਜ਼ੋਰੀ। ਪਰ ਕੀ ਕਦੇ ਤੁਸੀਂ ਇਹ ਮਹਾਨ ਰਹਿਬਰ ਦਾ ਨਾਂਅ ਲਿਆ ? ਕੀ ਕਦੇ

ਤੁਸੀਂ ਇਸ ਦਾ ਜਨਮ ਦਿਨ ਮਨਾਇਆ, ਕੀ ਤੁਹਾਡੇ ਘਰ ਜਾਂ ਤੁਹਾਡੀ ਗੱਡੀ ਵਿਚ ਇਸ ਰਹਿਬਰ ਦੀ ਤਸਵੀਰ ਹੈ? ਇਸ ਵਿਚੋਂ ਬਹੁਤਿਆਂ ਦੇ ਉੱਤਰ ਨਾਂਹ ਵਿਚ ਹਨ। ਇਸ ਵਰਗ ਦੀ ਅਹਿਸਾਨ-ਫਰਾਮੋਸ਼ੀ ਕਾਰਨ ਬਾਬਾ ਸਾਹਿਬ ਨੇ ਆਗਰੇ ਵਿਚ ਭਾਸ਼ਣ ਦਿੰਦਿਆਂ ਧਾਹ ਮਾਰ ਕੇ ਕਿਹਾ ਸੀ ਕਿ ਮੈਨੂੰ ਮੇਰੇ ਸਮਾਜ ਦੇ ਪੜ੍ਹੇ-ਲਿਖੇ ਲੋਕਾਂ ਨੇ ਧੋਖਾ ਦਿੱਤਾ ਹੈ।

ਗੁਰਬਾਣੀ ਵਿਚ ਕਈ ਥਾਈਂ ਅਹਿਸਾਨ-ਫਰਾਮੋਸ਼, ਅਕ੍ਰਿਤਘਣੀ ਨੂੰ ਝੰਜੋੜਿਆ ਗਿਆ ਹੈ।

**ਬੀਚੁ ਨ ਕੋਇ ਕਰੇ, ਅਕ੍ਰਿਤਘਣੁ ਵਿਛੁੜਿ ਪਇਆ॥**
**ਆਏ ਖਰੇ ਕਠਿਨ, ਜਮਕੰਕਰਿ ਪਕੜਿ ਲਇਆ॥**

**(ਗੁਰੂ ਗ੍ਰੰਥ ਸਾਹਿਬ ਪੰਨਾ 546)**

ਪ੍ਰਭ ਦੇ ਕੀਤੇ ਉਪਕਾਰਾਂ ਨੂੰ ਨਾ ਜਾਣਨ ਵਾਲਾ (ਅਕ੍ਰਿਤਘਣ) ਮਨੁੱਖ ਪ੍ਰਭ ਨਾਲੋਂ ਵਿਛੜਿਆ ਰਹਿੰਦਾ ਹੈ। ਕੋਈ ਉਸ ਦਾ ਵਿਚੋਲਾਪਨ ਨਹੀਂ ਕਰਦਾ ਆਖਿਰ ਨਿਰਦਈ ਜਮਦੂਤ ਉਸ ਨੂੰ ਫੜ ਕੇ ਅੱਗੇ ਲਾ ਲੈਂਦਾ ਹੈ।

**ਨ ਤਿਸ ਭਾਰੇ ਪਰਬਤਾਂ, ਅਸਮਾਨ ਖਹੰਦੇ। ਨ ਤਿਸ ਭਾਰੇ ਕੋਟਗੜ੍ਹ, ਘਰ ਬਾਰ ਦਿਸੰਦੇ।**
**ਨ ਤਿਸ ਭਾਰੇ ਸਾਇਰਾਂ, ਨਦ ਵਾਹ ਵਹੰਦੇ। ਨ ਤਿਸ ਭਾਰੇ ਤਰਵਰਾਂ, ਫਲ ਸੁਫਲ ਫਲੰਦੇ।**
**ਨ ਤਿਸ ਭਾਰੇ ਜੀਅ ਜੰਤ ਅਣਗਣਤ ਫਿਰੰਦੇ। ਭਾਰੇ ਭੁਇ ਅਕ੍ਰਿਤਘਣ, ਮੰਦੀ ਹੂੰ ਮੰਦੇ॥**

**(ਭਾਈ ਗੁਰਦਾਸ ਜੀ ਦੀ ਵਾਰ 25ਵੀਂ ਪਉੜੀ 8ਵੀਂ)**

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਧਰਤੀ ਨੂੰ ਨਾ ਤਾਂ ਅਸਮਾਨ ਨਾਲ ਖਹਿੰਦੇ ਪਰਬਤ ਭਾਰੀ ਲੱਗਦੇ ਹਨ ਨਾ ਕਿਲੇ, ਨਾ ਨਦੀਆਂ ਸਮੁੰਦਰ, ਨਾ ਬਨਸਪਤੀ ਅਤੇ ਨਾ ਹੀ ਅਣਗਿਣਤ ਘੁੰਮਦੇ ਜੀਵ-ਜੰਤੂ। ਜੇਕਰ ਧਰਤੀ 'ਤੇ ਭਾਰ ਹੈ ਤਾਂ ਉਸੇ ਅਕ੍ਰਿਤਘਣਾ ਦਾ ਹੈ ਜਿਹੜੇ ਮੰਦਿਆਂ ਨਾਲੋਂ ਵੀ ਮੰਦੇ ਹਨ।

ਐਹ ਮੇਰੇ ਸਮਾਜ ਦੇ ਸੇਵਾ ਮੁਕਤ ਬਜ਼ੁਰਗੋ! ਚਾਹੇ ਤੁਸੀਂ ਸਰਕਾਰੀ ਨੌਕਰੀ ਜਾਂ ਆਪਣੇ ਨਿੱਜੀ ਕਾਰੋਬਾਰ ਤੋਂ ਸੇਵਾ ਮੁਕਤ ਹੋਏ ਹੋ, ਤੁਸੀਂ ਕੌਮ ਦਾ ਬਹੁਤ ਕੁਝ ਸੰਵਾਰ ਸਕਦੇ ਹੋ। ਤੁਹਾਡੇ ਬੱਚੇ ਸੈਟਲ ਹਨ, ਤੁਹਾਨੂੰ ਰੋਟੀ-ਪਾਣੀ ਦੀ ਕੋਈ ਚਿੰਤਾ ਨਹੀਂ ਹੈ। ਸਮਾਜ ਤੁਹਾਡੇ ਵੱਲੋਂ ਧਨ ਦੀ ਨਹੀਂ ਤੁਹਾਡੇ ਤਨ ਅਤੇ ਮਨ ਦੀ ਸੇਵਾ ਦੀ ਮੰਗ ਕਰਦਾ ਹੈ। ਤੁਸੀਂ ਲੰਬਾ ਸਮਾਂ ਸਮਾਜ ਵਿਚ ਵਿਚਰੇ ਹੋ। ਤੁਸੀਂ ਬਹੁਤ ਦੂਰ-ਦੂਰ ਤੱਕ ਘੁੰਮੇ-ਫਿਰੇ ਹੋਵੋਗੇ। ਤੁਹਾਡਾ ਬਹੁਤ ਸਾਰੇ ਲੋਕਾਂ ਨਾਲ ਵਾਹ ਪਿਆ ਹੈ। ਤੁਹਾਨੂੰ ਆਪਣੇ ਜੀਵਨ ਦਾ ਬਹੁਤ ਤਜਰਬਾ ਹੈ। ਇਸ ਕਰਕੇ ਤੁਹਾਡਾ ਵਡਮੁੱਲਾ ਯੋਗਦਾਨ ਕੌਮ ਦੀ ਤਰੱਕੀ ਲਈ ਨਵੇਂ ਰਸਤੇ ਰੁਸ਼ਨਾਇਗਾ। ਤੁਸੀਂ ਆਪਣੇ ਰਹਿਬਰਾਂ ਦੀ ਬਾਣੀ, ਵਿਚਾਰਧਾਰਾ ਤੇ ਜੀਵਨ ਇਤਿਹਾਸ ਦੇ ਪ੍ਰਚਾਰਕ ਬਣੋ। ਪਾਠੀ, ਰਾਗੀ, ਕਥਾਵਾਚਕ, ਬੁਲਾਰੇ ਬਣ ਕੇ ਸਮਾਜ ਨੂੰ ਗੁਰੂ ਜੀ ਦੇ ਮਿਸ਼ਨ ਨਾਲ ਜੋੜੋ। ਆਪਣੇ ਰਹਿਬਰਾਂ ਦੇ ਇਤਿਹਾਸਿਕ ਅਸਥਾਨਾਂ ਦੀ ਸੇਵਾ ਕਰੋ। ਬੱਚਿਆਂ, ਨੌਜਵਾਨਾਂ ਦੀਆਂ ਕਲਾਸਾਂ, ਕੇਡਰ ਕੈਂਪ ਲਗਾ ਕੇ ਉਨ੍ਹਾਂ ਨੂੰ ਆਪਣੇ ਰਹਿਬਰਾਂ ਨਾਲ ਜੋੜੋ। ਉਨ੍ਹਾਂ ਦੀਆਂ ਐਜੂਕੇਸ਼ਨ, ਕੈਰੀਅਰ, ਸਕਾਲਰਸ਼ਿਪ ਸੰਬੰਧੀ ਸਮੱਸਿਆਵਾਂ ਦੇ ਹੱਲ ਕਰੋ। ਆਪਣੇ ਸਮਾਜ ਦੇ ਅੰਦਰੂਨੀ ਅਤੇ ਪਰਿਵਾਰਕ ਝਗੜਿਆਂ ਦੇ ਨਿਪਟਾਰਿਆਂ ਲਈ ਆਪਣਾ ਯੋਗਦਾਨ ਪਾਓ। ਬੱਚਿਆਂ ਅਤੇ ਲੜਕੀਆਂ ਦੀ ਹੈਲਪ ਲਾਈਨ ਦਾ ਯੂਨਿਟ ਬਣਾ ਕੇ ਉਨ੍ਹਾਂ ਦੀ ਸਹਾਇਤਾ ਕਰੋ। ਸਮਾਜ ਦੇ ਗਰੀਬਾਂ, ਅਪੰਗਾਂ, ਲਾਚਾਰਾਂ ਦੀ ਮੱਦਦ ਕਰੋ ਆਦਿ ਅਜਿਹੇ ਅਨੇਕਾਂ ਮਿਸ਼ਨ ਪ੍ਰਚਾਰਕ ਅਤੇ ਸਮਾਜ ਸੇਵਾ ਦੇ ਕੰਮਾਂ ਵਿਚ ਜੁਟ ਸਕਦੇ ਹੋ।

ਸਤਿਗੁਰ ਰਵਿਦਾਸ ਜੀ ਦੀ ਬਖਸ਼ਿਸ਼ ਨਾਲ ਜੇਕਰ ਤੁਹਾਡੇ ਕੋਲੋਂ ਆਪਣੇ ਰਹਿਬਰਾਂ ਪ੍ਰਤੀ ਜਾਂ ਆਪਣੇ ਸਮਾਜ ਪ੍ਰਤੀ ਕੋਈ ਵੱਡੀ ਸੇਵਾ ਹੋ ਜਾਂਦੀ ਹੈ ਤਾਂ ਸਮਾਜ ਵਿਚ ਤੁਸੀਂ ਚੰਦ ਦੀ ਤਰ੍ਹਾਂ ਚਮਕੋਗੇ। ਸਮਾਜ ਤੁਹਾਡਾ ਤਾਂ ਸਨਮਾਨ ਕਰੇਗਾ ਤੇ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਸਨਮਾਨਿਤ ਹੁੰਦੀਆਂ ਰਹਿਣਗੀਆਂ।



ਅਸੀਂ ਉਹਨਾਂ ਕੌਮੀ ਹੀਰਿਆਂ ਨੂੰ ਕੋਟਿਨ-ਕੋਟ ਪ੍ਰਨਾਮ ਕਰਦੇ ਹਾਂ ਜੋ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਰਹਿਬਰਾਂ, ਕੌਮ, ਧਰਮ ਤੇ ਸਮਾਜ ਦੀ ਸੇਵਾ ਵਿਚ ਜੁਟੇ ਹੋਏ ਹਨ ਅਤੇ ਜੋ ਕੌਮੀ ਸੇਵਾ ਵਿਚ ਨਹੀਂ ਲੱਗੇ, ਉਨ੍ਹਾਂ ਬਜ਼ੁਰਗਾਂ, ਨੌਜਵਾਨ ਭੈਣਾਂ-ਭਰਾਵਾਂ ਤੇ ਬੱਚਿਆਂ ਨੂੰ ਹੱਥ ਜੋੜ ਕੇ ਬੇਨਤੀ ਕਰਦੇ ਹਾਂ ਕਿ ਗੁਰੂ ਰਵਿਦਾਸ ਜੀ ਦੇ ਇਸ 637ਵੇਂ ਆਗਮਨ ਪੁਰਬ 'ਤੇ ਸੰਕਲਪ ਕਰਨ ਕਿ ਉਹ ਆਪਣੇ ਸਮਾਜ ਦੇ ਉਥਾਨ ਲਈ ਹਰ ਹੀਲੇ ਕੁਝ ਨਾ ਕੁਝ ਜ਼ਰੂਰ ਕਰਨਗੇ ਤਾਂਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਅਹਿਸਾਨ-ਫਰਾਮੋਸ਼ ਦਾ ਦਰਜਾ ਨਾ ਦੇਣ।

ਮਾ. ਰਾਮਧਨ ਨਾਂਗਲੂ
ਨਵੀਂ ਆਬਾਦੀ ਭੋਗਪੁਰ
ਮੋ. 98154-85844

# ਜਾਣਹੁ ਜੋਤਿ ਨ ਪੂਛਹੁ ਜਾਤੀ

ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ ਆਗਮਨ ਮਾਘ ਦੀ ਪੁੰਨਿਆਂ ਨੂੰ ਹੋਇਆ। ਇਹ ਮਹੀਨਾ ਕੜਾਕੇ ਦੀ ਸਰਦੀ ਪੈਣ ਤੋਂ ਬਾਅਦ ਆਉਂਦਾ ਹੈ। ਉਸ ਸਮੇਂ ਬਨਸਪਤੀ ਹਰ ਪਾਸੇ ਖਿੜ ਰਹੀ ਹੁੰਦੀ ਹੈ। ਭੌਰੇ ਮਧੁਰ-ਮਧੁਰ ਗੀਤ ਗਾਉਂਦੇ ਹਨ, ਤਿੱਤਲੀਆਂ ਫੁੱਲਾਂ ਦੁਆਲੇ ਝੁਰਮਟ ਪਾ ਕੇ ਮੰਡਰਾਉਂਦੀਆਂ ਹਨ। ਦਰੱਖ਼ਤ ਜੋ ਕਿ ਕੜਾਕੇ ਦੀ ਠੰਡ ਪੈਣ ਨਾਲ ਨੰਗ-ਮਲੰਗੇ ਹੋ ਜਾਂਦੇ ਹਨ, ਉਨ੍ਹਾਂ ਦੀਆਂ ਸਜੀਆਂ-ਸੰਵਰੀਆਂ ਨਵੀਆਂ ਪਰੂੰਗਲਾਂ ਇੰਝ ਲੱਗਦੀਆਂ ਹਨ ਜਿਵੇਂ ਉਹ ਆਪਣੇ ਰਹਿਬਰ ਦਾ ਦੀਦਾਰ ਕਰਨ ਲਈ ਹੀ ਫੁੱਟੀਆਂ ਹੋਣ। ਭਾਵ ਸਾਰੀ ਪ੍ਰਕ੍ਰਿਤੀ ਦੁਨੀਆਂ ਦੇ ਉਸ ਮਹਾਨ ਰਹਿਬਰ ਦੇ ਆਗਮਨ ਦਾ ਸਵਾਗਤ ਕਰਨ ਲਈ ਪੱਬਾਂ ਭਾਰ ਉਮੜ ਪੈਂਦੀ ਹੈ, ਜਿਸ ਨੇ ਊਚ-ਨੀਚ, ਜਾਤ-ਪਾਤ, ਰੰਗ-ਨਸਲ, ਦੇਸ਼-ਪ੍ਰਦੇਸ ਦੇ ਹੱਦ-ਬੰਨਿਆਂ, ਭੇਦਭਾਵ ਨੂੰ ਖਤਮ ਕਰਕੇ ਸੰਸਾਰ ਵਿਚ ਵਿਸ਼ਵ-ਸਾਂਝੀਵਾਲਤਾ, ਏਕਤਾ, ਸਮਾਨਤਾ, ਭਾਈਚਾਰਕ ਸਾਂਝ ਦਾ ਵਡਮੁੱਲਾ ਅਤੇ ਨਵਾਂ ਨਰੋਆ ਪੈਗਾਮ ਦਿੱਤਾ। ਪਰ ਅਸੀਂ ਉਨ੍ਹਾਂ ਦੇ ਸਵਾਗਤ ਲਈ ਕਿੰਨਾ ਕੁ ਪੱਬਾਂ ਭਾਰ ਹੁੰਦੇ ਹਾਂ ? ਇਕ ਖਾਸ ਵਰਗ ਵਿਚੋਂ ਖਾਸ ਲੋਕ, ਖਾਸ ਸਮੇਂ ਲਈ ਹੀ ਕ੍ਰਿਆਸ਼ੀਲ ਹੁੰਦੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਅਸੀਂ ਆਪਣੇ ਰਹਿਬਰ, ਆਪਣੇ ਗੁਰੂ ਵੰਡੇ ਹੋਏ ਹਨ, ਆਪੋ-ਆਪਣੇ ਗੁਰੂਆਂ ਦੇ ਜਨਮ ਦਿਨ ਮਨਾਉਣ ਤੱਕ ਸੀਮਿਤ ਹਾਂ। ਹੁਣ ਜ਼ਰਾ ਧਿਆਨ ਨਾਲ ਦੇਖੀਏ ਕਿ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਦੇ ਸਮਾਗਮ ਵਿਚ ਤੁਹਾਡੇ ਪਿੰਡ-ਸ਼ਹਿਰ ਜਾਂ ਮੁਹੱਲੇ ਦੇ ਅਖੌਤੀ ਉਚ ਵਰਗ ਦੇ ਕਿੰਨੇ ਲੋਕ ਸ਼ਾਮਿਲ ਹੁੰਦੇ ਹਨ ? ਦਾਨ ਜਾਂ ਪੈਸੇ ਤਾਂ ਸਾਰੇ ਹੀ ਦੇਣਗੇ। ਪਰ ਕੀਰਤਨ ਸਰਵਣ ਕਰਨ, ਲੰਗਰ ਛਕਣ ਦੀ ਸ਼ਮੂਲੀਅਤ ਬਹੁਤ ਘੱਟ ਕਰਨਗੇ। ਜਦ ਕਿ ਇਥੇ ਵੀ ਉਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਉਹੀ ਗੁਰਬਾਣੀ ਦਾ ਪਾਠ ਹੈ, ਉਹੀ ਗੁਰੂ ਕੀਰਤਨ ਹੈ। ਪਰ

ਫਰਕ ਇਹੀ ਹੈ ਕਿ ਇਕ ਤਾਂ ਗੁਰੂ ਇਨ੍ਹਾਂ ਦਾ ਹੈ ਤੇ ਦੂਸਰਾ ਗੁਰਦੁਆਰਾ ਵੀ ਇਨ੍ਹਾਂ ਦਾ ਹੀ ਹੈ। ਕੀ ਇਹ ਊਚ-ਨੀਚ, ਜਾਤ-ਪਾਤ ਨਹੀਂ ? ਕੀ ਮਨੁੱਖ ਨੂੰ ਇਸੇ ਗੱਲ ਵਿਚ ਮੁਹਾਰਤ ਹਾਸਿਲ ਹੈ ਕਿ ਉਹ ਇਨ੍ਹਾਂ ਮਹਾਨ ਰਹਿਬਰਾਂ ਦੇ ਵਡਮੁੱਲੇ ਉਪਦੇਸ਼ਾਂ, ਸਿਧਾਂਤਾਂ ਨੂੰ ਮਲੀਆਮੇਟ ਕਰਨ ਦਾ ਕੰਮ ਕਰੇ।

ਗੁਰਬਾਣੀ ਦਾ ਅਥਾਹ ਚਾਨਣ ਹੋਣ ਦੇ ਬਾਵਜੂਦ ਵੀ ਉਹੀ ਪੁਰਾਤਨ ਵਰਤਾਰਾ ਚੱਲ ਰਿਹਾ ਹੈ। ਅਖੌਤੀ ਪੱਛੜੇ ਲੋਕਾਂ ਲਈ ਖੂਹ, ਤਲਾਬਾਂ, ਮੰਦਰ, ਮਸਜਿਦਾਂ ਤੇ ਗੁਰਦੁਆਰੇ ਅਲੱਗ-ਅਲੱਗ ਜਦਕਿ ਉਸਾਰੀ ਦੇ ਸਾਰੇ ਕੰਮ ਵਿਚ ਇਕੋ ਹੀ ਚੂਨਾ, ਮਿੱਟੀ, ਗਾਰੇ, ਸੀਮਿੰਟ ਦਾ ਪ੍ਰਯੋਗ ਹੁੰਦਾ ਆ ਰਿਹਾ ਹੈ। ਗੁਰੂ ਰਵਿਦਾਸ ਜੀ ਨੇ ਜਾਤ-ਪਾਤ ਦੇ ਇਸ ਵਰਤਾਰੇ ਨੂੰ ਆਪਣੀਆਂ ਅੱਖਾਂ ਨਾਲ ਤੱਕਿਆ, ਆਪਣੇ ਪਿੰਡੇ 'ਤੇ ਹੰਢਾਇਆ, ਉਨ੍ਹਾਂ ਨੇ ਇਸ ਤਾਣੇ-ਬਾਣੇ ਵਿਰੁੱਧ ਭਰਵੀਂ ਆਵਾਜ਼ ਉਠਾਈ। ਅਖੌਤੀ ਸ਼ੂਦਰ ਲੋਕਾਂ ਲਈ ਵਰਜਿਤ ਕਰਨ ਕਰਕੇ ਦਿਖਾਏ ਅਤੇ ਅਖੌਤੀ ਉਚ ਵਰਗ ਨੂੰ ਚੁਣੌਤੀ ਦਿੱਤੀ ਅਤੇ ਦੱਸਿਆ ਕਿ ਸਾਰੇ ਮਨੁੱਖ ਇਕੋ ਜਿਹੇ ਹਨ। **"ਜਲ ਕੀ ਭੀਤ ਪਵਨ ਕਾ ਥੰਭਾ, ਰਕਤ ਬੂੰਦ ਕਾ ਗਾਰਾ, ਹਾਡ ਮਾਸ ਨਾਂੜੀ ਕੋ ਪਿੰਜਰ ਪੰਖੀ ਬਸੈ ਬਿਚਾਰਾ।"** ਭਾਵ ਸਾਰੇ ਮਨੁੱਖ ਇਕੋ ਜਿਹੇ ਹਨ ਫਿਰ ਭਿੰਨਤਾਵਾਂ ਕਿਉਂ ? ਇਸ ਭਿੰਨਤਾ ਨੂੰ ਖਤਮ ਕਰਨ ਲਈ ਸਿੱਖ ਗੁਰੂਆਂ ਨੇ ਲੰਬਾ ਸਮਾਂ ਸੰਘਰਸ਼ ਕੀਤਾ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ **"ਨੀਚਾ ਅੰਦਰ ਨੀਚ ਜਾਤ, ਨੀਚੀ ਹੂ ਅਤਿ ਨੀਚ ਨਾਨਕ ਤਿਨ ਕੇ ਸੰਗ ਸਾਥ ਵਡਿਆ ਸਿਉ ਕਿਆ ਰੀਸ, ਜਿਥੇ ਨੀਚ ਸਮਾਲੀਅਨ ਤਿਥੇ ਨਦਰ ਤੇਰੀ ਬਖਸ਼ੀਸ਼"** ਅਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੁਸਾਰ **ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈ ਮੋ ਸਉ ਗਰੀਬ ਕਰੋਰ ਪਰੇ ॥** ਪਰ ਕੀ ਅਸੀਂ ਗੁਰੂ ਸਾਹਿਬਾਂ ਦੇ ਇਨ੍ਹਾਂ ਹੁਕਮਾਂ ਨੂੰ ਮੰਨਦੇ ਹਾਂ ?

ਅਸੀਂ ਗੁਰਦੁਆਰੇ ਦੀ ਹਦੂਦ ਅੰਦਰ ਤਾਂ ਇਕ ਹਾਂ, ਇਕ ਥਾਂ 'ਤੇ ਲੰਗਰ ਛਕਦੇ ਹਾਂ, ਇਸ਼ਨਾਨ ਕਰਦੇ ਹਾਂ, ਬਾਣੀ ਸੁਣਦੇ ਹਾਂ ਪਰ ਬਾਹਰ ਆਉਂਦਿਆਂ ਹੀ ਸਾਡੀ ਪਹਿਚਾਣ ਰਾਮਦਾਸੀਆ ਸਿੱਖ, ਮਜ਼ਬੀ ਸਿੱਖ, ਅਰੋੜਾ ਸਿੱਖ, ਜੱਟ ਸਿੱਖ ਦੇ ਤੌਰ 'ਤੇ ਹੁੰਦੀ ਹੈ। ਬੇਸ਼ੱਕ ਜਾਤ-ਪਾਤ ਦੀ ਘਿਰਣਾ ਦਾ ਠੱਪਾ ਬ੍ਰਾਹਮਣ 'ਤੇ ਲੱਗਦਾ ਹੈ ਪਰ ਜੇਕਰ ਦੇਸ਼-ਵਿਦੇਸ਼ ਦੇ ਪੰਜਾਬੀ ਬੋਲਦੇ ਵਰਗ ਦੀ ਜਾਤੀ-ਪਾਤੀ ਘਿਰਣਾ ਦੀ ਤੁਲਨਾ ਕਰੀਏ ਤਾਂ ਬਹੁਗਿਣਤੀ ਉਹ ਲੋਕ ਹਨ ਜੋ ਕਿ ਆਪਣੇ ਆਪ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਕੇ ਅਨੁਯਾਈ ਕਹਾਉਂਦੇ ਹਨ। ਇਨ੍ਹਾਂ ਵਿਚੋਂ ਕੁਝ ਤਾਂ ਇਸ ਤਰ੍ਹਾਂ ਦੇ ਵੀ ਹਨ ਜੋ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਰਵਿਦਾਸ ਬਾਣੀ ਦੀ ਪੜਚੋਲ ਕਰਨ ਦੀ ਲੋੜ ਹੈ ਇਸ ਤਰ੍ਹਾਂ ਕਹਿ ਕੇ ਉਹ ਗੁਰੂ ਅਰਜਨ ਦੇਵ ਜੀ ਦੀ ਮਹਾਨ ਸੰਪਾਦਨਾ 'ਤੇ ਉਂਗਲੀ ਉਠਾਉਂਦੇ ਹਨ ਪਰ ਕੋਈ ਉਹਨਾਂ ਨੂੰ ਕੁਝ ਨਹੀਂ ਕਹਿੰਦਾ। ਫ਼ਰਕ ਫਿਰ ਉਹੀ ਕਿ ਉਹ ਤਾਂ ਉਹਨਾਂ ਦੀ ਉਚੀ ਜਾਤ ਵਿਚੋਂ ਹਨ। ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਦੇਸ਼ਾਂ ਦੇ ਲੋਕ ਮਨੁੱਖ ਦੇ ਗੁਣਾਂ ਦੀ ਕਦਰ ਕਰਦੇ ਹਨ ਉਸ ਦੀ ਕਿਹੜੀ ਜਾਤ ਹੈ, ਧਰਮ ਹੈ ਉਨ੍ਹਾਂ ਨੂੰ ਇਸ ਨਾਲ ਕੋਈ ਮਤਲਬ ਨਹੀਂ। ਪਰ ਪੰਜਾਬ ਦੇ ਜਾਤੀ ਅਭਿਮਾਨੀਆਂ ਨੇ ਵਿਦੇਸ਼ਾਂ ਦੀ ਧਰਤੀ 'ਤੇ ਜਾ ਕੇ ਵੀ ਇਥੋਂ ਦੀ ਜਾਤ-ਪਾਤੀ ਸੜਿਆਂਦ ਨੂੰ ਖਿਲਾਰਿਆ ਹੈ। ਇਸ ਦੀ ਇਕ ਛੋਟੀ ਜਿਹੀ ਉਦਾਹਰਨ ਜਨ ਸੰਦੇਸ਼ ਸਪਤਾਹਿਕ ਪੱਤ੍ਰਿਕਾ 25-31 ਅਕਤੂਬਰ 2013 ਪੰਨਾ 8 ਅਨੁਸਾਰ ਕਿ 19 ਅਕਤੂਬਰ 2013 ਨੂੰ ਇੰਗਲੈਂਡ ਵਿਖੇ ਵੱਡੀ ਗਿਣਤੀ ਵਿਚ ਦਲਿਤ ਪਿਛੋਕੜ ਨਾਲ ਸੰਬੰਧਤ ਲੋਕਾਂ ਨੇ ਇਕੱਠੇ ਹੋ ਕੇ ਜਾਤੀ ਵਿਤਕਰੇ ਖਿਲਾਫ਼ ਬਣੇ ਕਾਨੂੰਨ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ ਤਾਂ ਕਿ ਇੰਗਲੈਂਡ ਵਿਚੋਂ ਜਾਤੀ ਅਧਾਰਤ ਭੇਦ-ਭਾਵ ਵਾਲੇ ਲੋਕਾਂ ਖਿਲਾਫ਼ ਸਖ਼ਤ ਕਾਰਵਾਈ

ਕੀਤੀ ਜਾ ਸਕੇ। ਇਹ ਵੀ ਮੰਗ ਕੀਤੀ ਕਿ ਜਾਤੀ ਭੇਦ-ਭਾਵ ਨੂੰ ਨਸਲੀ ਭੇਦ-ਭਾਵ ਸਮਝਿਆ ਜਾਵੇ।

ਲੇਕਿਨ ਦਲਿਤ ਸਮਾਜ ਨੂੰ ਅਪੀਲ ਹੈ ਕਿ ਉਸ ਨੇ ਜਾਤੀ ਭੇਦਭਾਵ ਬਿਲਕੁਲ ਨਹੀਂ ਕਰਨਾ। ਜੇਕਰ ਕੋਈ ਵਿਅਕਤੀ ਜਾਤੀ ਭੇਦਭਾਵ ਕਰਦਾ ਹੈ ਤਾਂ ਉਸ ਵਿਅਕਤੀ ਦਾ ਵਿਰੋਧ ਤਾਂ ਕੀਤਾ ਜਾ ਸਕਦਾ ਹੈ, ਪ੍ਰੰਤੂ ਉਸ ਦੀ ਜਾਤੀ ਦਾ ਵਿਰੋਧ ਕਦਾਚਿਤ ਵੀ ਨਹੀਂ ਕਰਨਾ ਕਿਉਂਕਿ ਇਹ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦੇ ਵਿਰੁੱਧ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਹੈ "ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥"




ਬਖਸ਼ੀ ਰਾਮ
ਦਰਾਵਾਂ (ਜਲੰਧਰ)
88726-92300


# ਭਾਰਤੀ, ਅਤੇ ਐਨ.ਆਰ.ਆਈ. ਦਾਨੀ ਸੱਜਣ ਧਿਆਨ ਦੇਣ


ਦਾਨ ਕਈ ਪ੍ਰਕਾਰ ਦੇ ਹੁੰਦੇ ਹਨ, ਪਰ ਉਹ ਦਾਨ ਜਿਹੜਾ ਹਰ ਇਕ ਮਨੁੱਖ ਦੇ ਸਕਦਾ ਹੈ ਉਹ ਹੈ ਭੇਟਾ ਦਾ ਦਾਨ ਭਾਵ ਮਾਇਆ ਜਾਂ ਪੈਸੇ ਦਾ ਦਾਨ। ਸਾਡਾ ਮੰਨਣਾ ਹੈ ਕਿ ਜੇਕਰ ਗਰੀਬ ਨੂੰ ਪੈਸਿਆਂ ਦਾ ਦਾਨ ਦੇ ਦਿੱਤਾ ਜਾਵੇ ਤਾਂ ਉਹ ਦੋ-ਚਾਰ ਦਿਨ, ਦੋ-ਚਾਰ ਮਹੀਨੇ ਉਨ੍ਹਾਂ ਪੈਸਿਆਂ ਨਾਲ ਗੁਜ਼ਾਰਾ ਕਰ ਲਵੇਗਾ ਪਰ ਫਿਰ ਉਹੀ ਗਰੀਬੀ ਵਾਲੀ ਸਥਿਤੀ ਵਿਚ ਆ ਜਾਵੇਗਾ। ਇਸ ਕਰਕੇ ਇਸ ਦਾਨ ਨੇ ਉਸ ਨੂੰ ਅਸਥਾਈ ਤੌਰ 'ਤੇ ਹੀ ਲਾਭ ਦਿੱਤਾ। ਇਸ ਤੋਂ ਭਾਵ ਇਹ ਹੈ ਕਿ ਉਸ ਦੀ ਗਰੀਬੀ ਦਾ ਮੁੱਖ ਕਾਰਨ ਉਸ ਕੋਲ ਪੈਸਿਆਂ ਦੀ ਘਾਟ ਨਹੀਂ ਸਗੋਂ ਉਸ ਕੋਲ ਉਚੇ ਵਿਚਾਰਾਂ ਦੀ ਘਾਟ ਹੈ। ਉਹ ਵਿਚਾਰਾਂ ਪੱਖੋਂ ਗਰੀਬ ਹੈ। ਨਿਰਸੰਦੇਹ ਉਸ ਦੇ ਵਿਚਾਰ ਰੂੜ੍ਹੀਵਾਦੀ, ਅੰਧਵਿਸ਼ਵਾਸੀ, ਵਿਦਿਆਹੀਣ ਅਤੇ ਗਿਆਨ ਵਿਹੂਣੀ ਸ਼ਰਧਾ ਨਾਲ ਭਰਪੂਰ ਹਨ। ਸੋ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਇਹ ਚਾਹੁੰਦੀ ਹੈ ਕਿ ਕਿਉਂ ਨਾ ਇਸ ਸਮਾਜ ਦੇ ਇਨ੍ਹਾਂ ਵਿਚਾਰਾਂ ਨੂੰ ਬਦਲਾਅ ਕੇ ਸ੍ਰੀ ਗੁਰੂ ਰਵਿਦਾਸ ਵਿਚਾਰਧਾਰਾ ਦੇ ਅਨੁਕੂਲ ਬਣਾਏ ਜਾਣ ਤਾਂਕਿ ਸਾਡੇ ਸਮਾਜ ਦੇ ਲੋਕ ਗੁਰੂ ਰਵਿਦਾਸਮਈ ਬਨਣ ਅਤੇ ਆਪਣੇ ਧਾਰਮਿਕ, ਸਮਾਜਿਕ, ਆਰਥਿਕ, ਰਾਜਨੀਤਕ ਪੱਧਰ 'ਤੇ ਤਰੱਕੀ ਹਾਸਲ ਕਰਨ ਅਤੇ ਆਪਣੇ ਜੀਵਨ ਨੂੰ ਸੁਖਮਈ ਬਨਾਉਣ। ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਸੰਸਥਾ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਵਿਚਾਰਧਾਰਾ ਅਤੇ ਜੀਵਨ ਆਧਾਰਿਤ ਅਣਗਿਣਤ ਲਿਟਰੇਚਰ ਛਾਪ ਕੇ ਮੁਫ਼ਤ ਜਾਂ ਬੜੀ ਘੱਟ ਕੀਮਤ 'ਤੇ ਸੰਗਤਾਂ ਨੂੰ ਅਰਪਣ ਕੀਤਾ ਹੈ। ਬੱਚਿਆਂ ਦੀਆਂ ਕਲਾਸਾਂ ਲਗਾ ਕੇ ਪੇਪਰ ਲੈ ਕੇ ਉਨ੍ਹਾਂ ਨੂੰ ਸਰਟੀਫਿਕੇਟ ਦੇਣੇ, ਇਨਾਮ ਦੇਣੇ, ਕੇਡਰ ਕੈਂਪ ਲਗਾਉਣੇ, ਬੁੱਕ ਸਟਾਲ ਲਗਾਉਣੇ, ਪਿੰਡਾਂ ਵਿਚ ਮੁਫ਼ਤ ਕੀਰਤਨ ਸਮਾਗਮ ਕਰਨੇ ਆਦਿ ਅਨੇਕਾਂ ਉਪਰਾਲੇ ਕੀਤੇ ਹਨ। ਪਰ ਸਾਨੂੰ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇੰਨਾ ਲੰਬਾ ਸਮਾਂ ਨਿਰਸਵਾਰਥ ਸੇਵਾ ਕਰਨ ਦੇ ਬਾਵਜੂਦ ਸਾਨੂੰ ਦਾਨੀ ਸੱਜਣ ਪੱਕੇ ਤੌਰ 'ਤੇ ਅਤੇ ਜ਼ਿਆਦਾ ਗਿਣਤੀ ਵਿਚ ਨਹੀਂ ਮਿਲੇ ਜਿਨ੍ਹਾਂ ਦੇ ਸਹਿਯੋਗ ਨਾਲ ਅਸੀਂ ਇਨ੍ਹਾਂ ਕਾਰਜਾਂ ਨੂੰ ਵੱਡੀ ਪੱਧਰ ਤੱਕ ਲੈ ਕੇ ਜਾਂਦੇ। ਹਾਲਾਂਕਿ ਸਾਡੇ ਸਮਾਜ ਵਿਚ ਦਾਨੀ ਸੱਜਣਾਂ ਦੀ ਕੋਈ ਘਾਟ ਨਹੀਂ ਹੈ। ਇਨ੍ਹਾਂ ਕੰਮਾਂ ਨੂੰ ਚਲਾਉਣ ਲਈ ਸਹਿਯੋਗੀ ਕਾਰਜਕਾਰੀ ਮੈਂਬਰਾਂ ਵਿਚ ਵੀ ਕੋਈ ਤਸੱਲੀਬਖ਼ਸ਼

ਵਾਧਾ ਨਹੀਂ ਹੋਇਆ ਜਦਕਿ ਲਿਟਰੇਚਰ ਪੜ੍ਹਨ ਵਾਲੇ ਪਾਠਕਾਂ ਵਿਚ ਬਹੁਤ ਵਾਧਾ ਹੋਇਆ ਹੈ। ਪੰਜਾਬੀ ਦੇ ਨਾਲ-ਨਾਲ ਹਿੰਦੀ ਭਾਸ਼ਾ ਵਿਚ ਲਿਟਰੇਚਰ ਦੀ ਮੰਗ ਦਿਨੋਂ-ਦਿਨ ਵਧ ਰਹੀ ਹੈ। ਲੇਕਿਨ ਸੰਸਥਾ ਕੋਲ ਪੈਸੇ ਅਤੇ ਕਾਰਜਕਰਤਾਵਾਂ ਦੀ ਬਹੁਤ ਘਾਟ ਹੈ। ਸੋ ਸੰਸਥਾ ਵੱਲੋਂ ਭਾਰਤ ਅਤੇ ਐਨ.ਆਰ.ਆਈ. ਦਾਨੀ ਸੱਜਣਾਂ ਨੂੰ ਬੇਨਤੀ ਹੈ ਕਿ ਜੇਕਰ ਤੁਸੀਂ ਸਮਝਦੇ ਹੋ ਕਿ ਸਾਡੇ ਇਹ ਯਤਨ ਸਾਰਥਕ ਹਨ ਅਤੇ ਕੌਮ ਦੀ ਭਲਾਈ ਲਈ ਜਾਰੀ ਰੱਖਣਯੋਗ ਹਨ ਤਾਂ ਸੰਸਥਾ ਨੂੰ ਵੱਧ ਤੋਂ ਵੱਧ ਆਰਥਿਕ ਦਾਨ ਦਿਓ। ਨੌਜਵਾਨ ਵੀਰ, ਭੈਣਾਂ, ਬੱਚੇ ਅਤੇ ਸੇਵਾ ਮੁਕਤ ਹੋ ਚੁੱਕੇ ਕੌਮੀ ਵੀਰਾਂ ਨੂੰ ਬੇਨਤੀ ਹੈ ਕਿ ਤੁਸੀਂ ਸੰਸਥਾ ਨਾਲ ਜੁੜ ਕੇ ਗੁਰੂ ਰਵਿਦਾਸ ਜੀ ਦੇ ਮਿਸ਼ਨ ਪ੍ਰਚਾਰ ਕੰਮਾਂ ਵਿਚ ਆਪੋ-ਆਪਣਾ ਢੁਕਵਾਂ ਯੋਗਦਾਨ ਪਾਉਣ ਦੀ ਕ੍ਰਿਪਾਲਤਾ ਕਰੋ ਜੀ ਤਾਂਕਿ ਕੌਮ ਦੀ ਨੌਜਵਾਨ ਪੀੜ੍ਹੀ ਨੂੰ ਸੰਭਾਲਿਆ ਜਾ ਸਕੇ ਅਤੇ ਨਵੀਂ ਪੀੜ੍ਹੀ ਭਾਵ ਬੱਚਿਆਂ ਨੂੰ ਗੁਰੂ ਰਵਿਦਾਸ ਮਿਸ਼ਨ ਦੇ ਲੜ ਲਾਇਆ ਜਾ ਸਕੇ।

ਸੰਸਥਾ ਧੰਨਵਾਦ ਕਰਦੀ ਹੈ ਕਿ ਪ੍ਰੋ. ਲਾਲ ਸਿੰਘ ਲੁਧਿਆਣਾ ਜੀ ਦਾ ਜਿਨ੍ਹਾਂ ਦੀਆਂ ਪੁਸਤਕਾਂ ਤੋਂ ਸੰਸਥਾ ਅਗਵਾਈ ਲੈਂਦੀ ਹੈ। ਧੰਨਵਾਦ ਹੈ ਉਨ੍ਹਾਂ ਸਾਰੇ ਦਾਨੀ ਸੱਜਣਾਂ ਦਾ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਮਿਸ਼ਨ ਪ੍ਰਚਾਰ ਦੇ ਇਹ ਕਾਰਜ ਚਲਦੇ ਹਨ। ਸ੍ਰੀ ਤੋਤਾ ਮੱਲ ਆਹਨ ਖੇੜੀ ਮਲੇਰਕੋਟਲਾ ਜੋ ਕਿ 85 ਸਾਲਾਂ ਦੇ ਬਜ਼ੁਰਗ ਹਨ ਫਿਰ ਵੀ ਗੁਰੂ ਜੀ ਦੇ ਮਿਸ਼ਨ ਪ੍ਰਚਾਰ ਲਈ ਬਹੁਤ ਉਪਰਾਲੇ ਕਰ ਰਹੇ ਹਨ। ਸੰਸਥਾ ਨੂੰ ਹਰੇਕ ਸਾਲ ਜਨਮ ਦਿਨ ਤੋਂ 3-4 ਮਹੀਨੇ ਪਹਿਲਾਂ ਹੀ ਮਨੀਆਰਡਰ ਰਾਹੀਂ ਭੇਟਾ ਭੇਜਦੇ ਹਨ। ਸ. ਬਿਸ਼ਨ ਸਿੰਘ ਪਰਵਾਨਾ ਜੰਮੂ ਨਿਵਾਸੀ ਜੋ ਰਿਟਾਇਰਡ ਪ੍ਰਿੰਸੀਪਲ ਹਨ ਆਪਣੀ ਨੇਕ ਸਲਾਹਾਂ ਦੇ ਨਾਲ-ਨਾਲ ਸੰਸਥਾ ਨੂੰ ਆਰਥਿਕ ਮੱਦਦ ਵੀ ਭੇਜਦੇ ਹਨ। ਇਸ ਵਾਰ ਪਰਵਾਨਾ ਸਾਹਿਬ ਨੇ '**ਅੰਮ੍ਰਿਤ ਰਸ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਸਟੀਕ (ਹਿੰਦੀ)**' ਦਾ ਮੁੱਖ ਬੰਧ ਵੀ ਲਿਖਿਆ ਹੈ। ਸੂਬੇਦਾਰ ਮੇਜਰ ਪਿਆਰੇ ਲਾਲ ਗ੍ਰੇਜੂਏਟ ਪਿੰਡ ਚਖਿਆਰਾ (ਜਲੰਧਰ) ਸੰਸਥਾ ਨੂੰ ਆਰਥਕ ਸਹਿਯੋਗ ਦੇ ਨਾਲ-ਨਾਲ ਯੋਗ ਅਗਵਾਈ ਵੀ ਪ੍ਰਦਾਨ ਕਰਦੇ ਹਨ। ਕੌਮ ਦੇ ਪ੍ਰਸਿੱਧ ਵਿਦਵਾਨ ਲੇਖਕ ਡਾ. ਗਿਆਨ ਚੰਦ ਕੌਲ ਜਲੰਧਰ ਆਪਣੀਆਂ ਵਡਮੁੱਲੀਆਂ ਰਚਨਾਵਾਂ ਦੇ ਨਾਲ ਆਰਥਿਕ ਮੱਦਦ ਵੀ ਦਿੰਦੇ ਹਨ। ਸੰਸਥਾ ਦੇ ਸਹਿਯੋਗੀ ਪ੍ਰਿੰਸੀਪਲ ਹਰਨੇਕ ਸਿੰਘ ਭੋਗਪੁਰ ਇਸ ਵਕਤ ਵਿਦੇਸ਼ੀ ਯਾਤਰਾ 'ਤੇ ਹਨ। ਪੱਪੀ ਧੁਦਿਆਲ ਜੀ ਦਾ ਧੰਨਵਾਦ ਹੈ ਜਿਨ੍ਹਾਂ **ਅੰਮ੍ਰਿਤ ਰਸ ਬਾਣੀ ਸਟੀਕ ਪੰਜਾਬੀ** ਦਾ ਮੁੱਖ ਬੰਧ ਲਿਖਿਆ ਤੇ ਬੇਅੰਤ ਭੇਟਾ ਵੀ ਦਿੱਤੀ।

ਅਸੀਂ ਧੰਨਵਾਦ ਕਰਦੇ ਹਾਂ ਸ੍ਰੀ ਗੁਰੂ ਰਵਿਦਾਸ ਭਜਨ ਮੰਡਲੀ ਬੇਗ਼ਮਪੁਰਾ ਜ਼ੋਨ ਔਕਾਂ ਵਾਲੀ, ਜ਼ਿਲ੍ਹਾ ਫਤਿਆਬਾਦ (ਹਰਿਆਣਾ), ਸ੍ਰੀ ਅਮਰਜੀਤ ਸਿੰਘ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਮਿਸ਼ਨ ਵੈਲਫੇਅਰ ਸੁਸਾਇਟੀ ਖਰਲਕਲਾਂ (ਜਲੰਧਰ), ਸ੍ਰੀ ਪਵਨ ਕੁਮਾਰ ਪ੍ਰਧਾਨ ਹੁਸ਼ਿਆਰਪੁਰ, ਸ੍ਰੀ ਰਾਜਕੁਮਾਰ ਡਾਇਰੈਕਟਰ ਸ੍ਰੀ ਗੁਰੂ ਰਵਿਦਾਸ ਟੈਕਨੀਕਲ ਇੰਸਟੀਚਿਊਟ ਆਦਮਪੁਰ, ਦਵਿੰਦਰ ਕੁਮਾਰ ਪਵਾਰ ਜਵੈਲਰਜ਼ ਆਦਮਪੁਰ, ਡਾ. ਹਰਿੰਦਰਪਾਲ ਸਿੰਘ ਸਿਟੀ ਡੈਂਟਲ ਕਲੀਨਿਕ ਐਂਡ ਇੰਪਲਾਂਟ ਸੈਂਟਰ ਭੋਗਪੁਰ, ਚੋਪੜਾ ਇਲੈਕਟ੍ਰੀਕਲਜ਼ ਰੇਲਵੇ ਰੋਡ ਭੋਗਪੁਰ, ਗੋਲਡੀ ਟੇਲਰਜ਼ ਭੋਗਪੁਰ, ਨੰਬਰਦਾਰ ਦੀਦਾਰ ਸਿੰਘ ਕੋਟਲੀ ਅਰਾਈਆਂ, ਸ੍ਰੀ ਸਤਨਾਮ ਸੁੰਮਨ ਡਮੁੰਡਾ, ਸ੍ਰੀ ਓਮ ਪ੍ਰਕਾਸ਼ ਤਾਕੀ ਮਹੱਲਾ ਫਗਵਾੜਾ, ਡਾ. ਸ਼ਾਮ ਲਾਲ ਅੱਡਾ ਡੀਂਗਰੀਆਂ, ਸ੍ਰੀ ਪ੍ਰੇਮ ਪਾਲ ਏ.ਏ.ਈ. ਬਿਨਪਾਲਕੇ, ਸ੍ਰੀ ਗੁਰਜੀਤ ਸਿੰਘ ਯੂ.ਏ.ਈ., ਸ੍ਰੀ ਤਰਸੇਮ ਸਿੰਘ ਪਿੰਡ ਨਾਜਕਾ ਜ਼ਿਲ੍ਹਾ ਜਲੰਧਰ, ਸ੍ਰੀ ਰਜਵਿੰਦਰ ਸਿੰਘ ਅਤੇ ਕੈਪਟਨ

ਗੁਲਜ਼ਾਰ ਸਿੰਘ ਪਿੰਡ ਜੋੜਾ (ਹੁਸ਼ਿਆਰਪੁਰ), ਸ੍ਰੀ ਪ੍ਰੇਮ ਕੁਮਾਰ, ਸ੍ਰੀ ਜਸਵੰਤ ਸਿੰਘ, ਸ੍ਰੀ ਸਰਬਜੀਤ ਅਤੇ ਸ੍ਰੀ ਮਨਜੀਤ ਪਿੰਡ ਬਹਿਰਾਮ ਸਰਿਸ਼ਤਾ ਜ਼ਿਲ੍ਹਾ ਜਲੰਧਰ, ਮਾਸਟਰ ਜਗੀਰ ਰਾਮ, ਮਾਸਟਰ ਅਮਰਜੀਤ ਸਿੰਘ, ਮਾਸਟਰ ਗੁਰਮੀਤ ਰਾਮ ਪੰਡੋਰੀ ਨਿੱਝਰਾਂ, ਸ੍ਰੀ ਗੁਰਬਖ਼ਸ਼ ਰਾਮ ਸੰਧੂ ਅਤੇ ਸ੍ਰੀ ਕਸ਼ਮੀਰੀ ਲਾਲ, ਸੰਦੀਪ ਸਿੰਘ ਪੰਡੋਰੀ ਨਿੱਝਰਾਂ ਜ਼ਿਲ੍ਹਾ ਜਲੰਧਰ, ਡਾ. ਐਸ.ਐਸ. ਕਟਾਰੀਆ ਆਦਮਪੁਰ, ਡਾ. ਹਰਪ੍ਰੀਤ ਕੌਰ ਹੁਸ਼ਿਆਰਪੁਰ, ਸ੍ਰੀਮਤੀ ਸੁਨੀਤਾ ਜੀ ਆਦਮਪੁਰ, ਵੈਟਰਨਰੀ ਇੰਸਪੈਕਟਰ ਨਿਰਮਲਜੀਤ ਸਿੰਘ ਪਨਾਮ (ਹੁਸ਼ਿਆਰਪੁਰ), ਵੈਟੀ. ਇੰਸਪੈਕਟਰ ਬਲਵਿੰਦਰ ਕੁਮਾਰ ਪਾਲਨੌ (ਫਿਲੌਰ), ਵੈਟੀ. ਇੰਸਪੈਕਟਰ ਰਜਿੰਦਰ ਕੁਮਾਰ ਬੰਗਾ, ਵੈਟੀ. ਇੰਸਪੈਕਟਰ ਤਰਲੋਚਨ ਸਿੰਘ ਬੰਗਾ, ਸ. ਗੁਲਾਬ ਸਿੰਘ ਪਨਾਮ (ਹੁਸ਼ਿਆਰਪੁਰ), ਮਨਪ੍ਰੀਤ ਸਿੰਘ ਅਲਾਵਲਪੁਰ (ਜਲੰਧਰ), ਐਡਵੋਕੇਟ ਹਰਪ੍ਰੀਤ ਝਾਵਰ (ਹੁਸ਼ਿਆਰਪੁਰ), ਸ੍ਰੀ ਅਮਰਜੀਤ ਚੁੰਬਰ, ਸ੍ਰੀ ਪ੍ਰਿਥਵੀ ਰਾਜ ਕਰਤਾਰਪੁਰ, ਸ੍ਰੀ ਭਾਗ ਰਾਮ ਸਫੀਪੁਰ (ਜਲੰਧਰ), ਸ੍ਰੀ ਮਹਿੰਦਰ ਰਾਮ (ਬਿਨਪਾਲਕੇ ਵਾਲੇ) ਆਦਮਪੁਰ, ਸ੍ਰੀ ਮਹਿੰਦਰਪਾਲ ਸਟੇਟ ਬੈਂਕ ਆਦਮਪੁਰ, ਸ੍ਰੀ ਗੁਰਦਿਆਲ ਸਿੰਘ (ਸਲਾਲੇ ਵਾਲੇ) ਆਦਮਪੁਰ, ਸ੍ਰੀ ਸੋਮ ਪ੍ਰਕਾਸ਼ ਇੰਗਲੈਂਡ ਵਾਲੇ ਆਦਮਪੁਰ, ਸ੍ਰੀ ਗਿਆਨ ਸਿੰਘ ਬੁੱਲੋਵਾਲ (ਜਲੰਧਰ), ਸ੍ਰੀ ਮਨਜੀਤ ਸਿੰਘ ਬੱਧਣ ਫਰਾਂਸ ਵਾਲੇ, ਸ੍ਰੀ ਪ੍ਰੇਮ ਪਾਲ ਸਕੰਦਰਪੁਰ (ਜਲੰਧਰ), ਸ੍ਰੀ ਭਾਗ ਰਾਮ ਅਤੇ ਸ੍ਰੀ ਗੁਰਬਚਨ ਸਿੰਘ ਦਾਉਦਪੁਰ (ਜਲੰਧਰ) ਅਤੇ ਪਿੰਡ ਗੇਹਲੜਾਂ ਜ਼ਿਲ੍ਹਾ ਜਲੰਧਰ ਵਿਖੇ ਸੰਸਥਾ ਦੇ ਬਹੁਤ ਸਾਰੇ ਸਹਿਯੋਗੀ ਅਤੇ ਦਾਨੀ ਸੱਜਣ ਹਨ ਜਿਨ੍ਹਾਂ ਦੀ ਲਿਸਟ ਕਾਫੀ ਲੰਬੀ ਹੈ। ਹੋਰ ਦਾਨੀ ਵੀਰਾਂ ਨੂੰ ਬੇਨਤੀ ਹੈ ਕਿ ਸੰਸਥਾ ਨੂੰ ਆਰਥਿਕ ਦਾਨ ਜ਼ਰੂਰ ਭੇਜੋ। ਦਾਨੀ ਵੀਰ ਸੰਸਥਾ ਨੂੰ ਦਾਨ ਨਕਦ, ਚੈੱਕ, ਬੈਂਕ ਡਰਾਫਟ, ਮਨੀਆਰਡਰ ਜਾਂ ਸੰਸਥਾ ਦੇ ਬੈਂਕ ਅਕਾਊਂਟ ਵਿਚ ਸਿੱਧੇ ਹੀ ਪਾ ਸਕਦੇ ਹਨ। ਅਸੀਂ ਆਪ ਜੀ ਨੂੰ ਭਰੋਸਾ ਦਿਵਾਉਂਦੇ ਹਾਂ ਕਿ ਤੁਹਾਡੇ ਵੱਲੋਂ ਭੇਜੀ ਭੇਟਾ ਸਹੀ ਰੂਪ ਵਿਚ ਕੌਮ ਅਤੇ ਮਿਸ਼ਨ ਦੇ ਲੇਖੇ ਲਾਈ ਜਾਵੇਗੀ। ਕੋਈ ਵੀ ਦਾਨੀ ਸੱਜਣ ਸੰਸਥਾ ਦਾ ਪੈਸਿਆਂ ਦਾ ਹਿਸਾਬ-ਕਿਤਾਬ ਚੈੱਕ ਕਰ ਸਕਦਾ ਹੈ।



ਮਨਜੀਤ ਸਿੰਘ
ਪਿੰਡ ਚਖਿਆਰਾ ਜਲੰਧਰ
ਮੋ. 94178091666

## ਸੇਵਾ ਪਾਉਣ ਲਈ ਸੰਸਥਾ ਦੇ ਬੈਂਕ ਅਕਾਊਂਟ ਦਾ ਵੇਰਵਾ ਇਸ ਪ੍ਰਕਾਰ ਹੈ

**SRI GURU RAVIDASS MISSION PARCHAR**
**SANSTHA PUNJAB (REGD.)**
**Head Office V.P.O. Binpalke, Via Bhogpur, Distt Jalandhar**
**ACCOUNT NO. 32717505525**
**IFS. CODE NO. SBIN 0010122**
**CIF NO. 86549122040**
**STATE BANK OF INDIA**
**Bhogpur, Distt. JALANDHAR (PUNJAB)**

# ਦੁਨੀਆਂ ਦੀ ਸਭ ਤੋਂ ਮਹਾਨ ਵਿਚਾਰਧਾਰਾ

ਭਾਰਤ ਦੇ ਮੂਲਵਾਸੀ, ਆਦਿਵਾਸੀ ਸਮਾਜ ਨੂੰ ਇਹ ਗੱਲ ਮਨ ਵਿਚ ਵਸਾ ਲੈਣੀ ਚਾਹੀਦੀ ਹੈ ਕਿ ਤੁਸੀਂ ਦੁਨੀਆਂ ਦੇ ਸਭ ਤੋਂ ਮਹਾਨ ਲੋਕ ਹੋ। ਤੁਸੀਂ ਭਾਰਤ ਦੇ ਮੂਲ ਬਸ਼ਿੰਦੇ ਹੋ। ਸਭ ਤੋਂ ਪਹਿਲਾਂ ਤੁਹਾਡੇ ਰਹਿਬਰਾਂ ਨੇ ਸੰਸਾਰ ਦੀਆਂ ਰੂੜੀਵਾਦੀ, ਪੱਖ-ਪਾਤੀ, ਅਤੇ ਗ਼ੈਰ ਮਨੁੱਖੀ ਧਾਰਮਿਕ, ਸਮਾਜਿਕ, ਕਦਰਾਂ-ਕੀਮਤਾਂ ਨੂੰ ਰੱਦ ਕਰਕੇ ਇਕ ਪਾਰਬ੍ਰਹਮ ਪਰਮਾਤਮਾ ਦੇ ਸੰਕਲਪ ਵਾਲੀ, ਵਿਗਿਆਨਿਕ, ਵਿਸ਼ਵ-ਵਿਆਪੀ, ਵਿਸ਼ਵ-ਸਾਂਝੀਵਾਲਤਾ, ਏਕਤਾ, ਭਾਈਚਾਰਕ ਸਾਂਝ ਨਾਲ ਓਤਪੋਤ ਵਿਚਾਰਧਾਰਾ ਪ੍ਰਦਾਨ ਕੀਤੀ ਹੈ। ਗੁਰੂ ਰਵਿਦਾਸ ਜੀ ਅਨੁਸਾਰ, **"ਰੇਚਿਤ ਚੇਤ ਅਚੇਤ ॥ ਕਾਹੇ ਨ ਬਾਲਮੀਕਿਹ ਦੇਖ ॥"** ਅਤੇ **"ਨਾਮਦੇਵ, ਕਬੀਰੁ, ਤਿਲੋਚਨੁ, ਸਧਨਾ, ਸੈਨੁ ਤਰੈ ॥"** ਸਾਡੇ ਰਹਿਬਰ ਇਸ ਵਿਚਾਰਧਾਰਾ ਨੂੰ ਪੈਦਾ ਕਰਕੇ ਆਪ ਮੁਕਤ ਹੋਏ ਅਤੇ ਸਾਡੇ ਵਾਸਤੇ ਮੁਕਤੀ ਦਾ ਮਾਰਗ ਦੱਸ ਕੇ ਗਏ ਹਨ। ਤੁਹਾਨੂੰ ਇਸ ਸੰਸਾਰ ਵਿਚ ਲੁਕ ਕੇ ਨਹੀਂ ਸਗੋਂ ਸਿਰ ਉੱਚਾ ਕਰਕੇ ਮਾਣ ਨਾਲ ਜੀਊਣਾ ਚਾਹੀਦਾ ਹੈ ਕਿਉਂਕਿ ਤੁਸੀਂ ਇਨ੍ਹਾਂ ਮਹਾਨ ਰਹਿਬਰਾਂ ਦੀ ਅੰਸ਼ ਹੋ, ਸੇਵਕ ਹੋ।

ਆਉ ਆਪਾਂ ਸਾਰੇ ਇਨ੍ਹਾਂ ਮਹਾਨ ਰਹਿਬਰਾਂ ਦੀ ਵਿਚਾਰਧਾਰਾ ਨੂੰ ਸਮਝੀਏ, ਵਿਚਾਰੀਏ, ਆਪਣੇ ਜੀਵਨ ਵਿਚ ਢਾਲੀਏ ਤੇ ਆਪਣੇ ਬੱਚਿਆਂ, ਆਪਣੇ ਸਮਾਜ ਨੂੰ ਇਸ ਤੋਂ ਜਾਣੂ ਕਰਾਈਏ ਅਤੇ ਸਰਵਗੁਰੂ ਰਵਿਦਾਸ ਜੀ, ਬਾਲਮੀਕਿ ਜੀ, ਨਾਮਦੇਵ ਜੀ, ਕਬੀਰ ਜੀ, ਤ੍ਰਿਲੋਚਨ ਜੀ, ਸਧਨਾ ਜੀ, ਸੈਨ ਜੀ ਦੀ ਸੰਤਾਨ ਅਤੇ ਸੇਵਕ ਇਕ ਝੰਡੇ ਥੱਲੇ ਇਕੱਠੇ ਹੋ ਕੇ ਆਪਣੇ ਖੁੱਸਦੇ ਜਾ ਰਹੇ ਸੰਵਿਧਾਨਿਕ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰੀਏ।

# ਦਲਿਤਾਂ ਦਾ ਸੰਘਰਸ਼ ਭਰਿਆ ਇਤਿਹਾਸ

ਭਾਰਤ ਦੇ ਦਲਿਤ ਤੇ ਪੱਛੜੇ ਵਰਗਾਂ ਦਾ ਗੌਰਵਮਈ ਇਤਿਹਾਸ ਰਿਹਾ ਹੈ। ਇਹ ਕਿਸੇ ਤੋਂ ਘੱਟ ਨਹੀਂ ਰਹੇ ਹਨ। ਇਤਿਹਾਸ ਵਿਚ ਚਾਹੇ ਅਲਾਉਦੀਨ ਖਿਲਜੀ ਦੇ ਪੁੱਤਰ ਤੋਂ ਰਾਜਪਾਟ ਖੋਹਣ ਦੀ ਗੱਲ ਹੋਵੇ ਜਾਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਭਾਈ ਸੰਗਤ ਸਿੰਘ ਜੀ ਅਤੇ ਭਾਈ ਜੀਵਨ ਸਿੰਘ ਜੀ ਵੱਲੋਂ ਸ਼ਹੀਦੀ ਦੇ ਕੇ ਰੰਗਰੇਟੇ ਗੁਰੂ ਕੇ ਬੇਟੇ ਦੇ ਖਿਤਾਬ ਹਾਸਿਲ ਕਰਨ ਦੀ ਗੱਲ ਹੋਵੇ। ਇਨ੍ਹਾਂ ਵਰਗਾਂ ਦੇ ਲੋਕਾਂ ਦਾ ਆਜ਼ਾਦੀ ਦੀ ਲੜਾਈ ਵਿਚ ਵੀ ਬਹੁਤ ਮਹੱਤਵਪੂਰਨ ਯੋਗਦਾਨ ਰਿਹਾ ਹੈ। ਮਹਾਨ ਕ੍ਰਾਂਤੀਕਾਰੀ ਖੁਸ਼ਰਾਵ ਗੁਜਰਾਤ ਦੇ ਰਹਿਣ ਵਾਲੇ ਸਨ ਜੋ ਜਾਤੀ ਦੇ ਭੰਗੀ ਸਨ। ਇਨ੍ਹਾਂ ਨੇ ਅਲਾਉਦੀਨ ਖਿਲਜੀ ਦੇ ਪੁੱਤਰ ਬਾਦਸ਼ਾਹ ਮੁਬਾਰਕ ਖਾਂ ਨੂੰ ਮੌਤ ਦੇ ਘਾਟ ਉਤਾਰ ਕੇ ਭਾਰਤ ਦੇਸ਼ ਨੂੰ ਤੁਰਕਾਂ ਤੋਂ ਅਜ਼ਾਦ ਕਰਵਾਇਆ। ਮੁਬਾਰਕ ਖਾਂ ਆਪਣੇ ਪਿਤਾ ਦੀ ਤਰ੍ਹਾਂ ਅੱਤਿਆਚਾਰ ਕਰਨ ਲੱਗਾ ਤੇ ਆਪਣੇ ਭਰਾ ਦੀਆਂ ਅੱਖਾਂ ਕੱਢ ਕੇ ਆਪ ਦਿੱਲੀ ਦੀ ਗੱਦੀ 'ਤੇ ਬੈਠ ਗਿਆ ਅਤੇ ਘੋਰ ਅੱਤਿਆਚਾਰ ਕਰਨ ਲੱਗ ਪਿਆ। ਭਾਰਤ ਦੇ ਲੋਕਾਂ ਦਾ ਜ਼ਬਰਦਸਤੀ ਧਰਮ ਪਰਿਵਰਤਨ ਕਰਾਉਣ ਲੱਗ ਪਿਆ। ਧਾਰਮਿਕ ਸਥਾਨਾਂ ਨੂੰ ਢਾਹ ਕੇ ਉਸ ਨੇ ਮਸਜਿਦਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਔਰਤਾਂ 'ਤੇ ਅੱਤਿਆਚਾਰ ਕੀਤੇ ਗਏ। ਇਹ ਜਬਰ ਜ਼ੁਲਮ ਦੇਖ ਕੇ ਖੁਸ਼ਰਾਵ ਦਾ ਖ਼ੂਨ ਕ੍ਰਾਂਤੀ ਲਈ ਉਬਾਲੇ ਖਾਣ ਲੱਗ ਪਿਆ। ਖੁਸ਼ਰਾਵ ਨੇ ਸਹੁੰ ਖਾਧੀ ਕਿ ਜਦ ਤੱਕ ਉਹ ਇਸ ਜਬਰ-ਜ਼ੁਲਮ ਦਾ ਬਦਲਾ ਨਹੀਂ ਲੈ ਲੈਂਦਾ, ਤਦ ਤੱਕ ਚੈਨ ਨਾਲ ਨਹੀਂ ਬੈਠੇਗਾ। ਇਸ ਲਈ ਭਾਵੇਂ ਉਸਨੂੰ ਕੋਈ ਵੀ ਕੁਰਬਾਨੀ ਦੇਣੀ ਪਵੇ। ਖੁਸ਼ਰਾਵ ਨਾ ਚਾਹੁੰਦੇ ਹੋਏ ਵੀ ਜ਼ਬਰ-ਜ਼ੁਲਮ ਦਾ ਬਦਲਾ ਲੈਣ ਦੀ ਸਹੁੰ ਪੂਰੀ ਕਰਨ ਲਈ ਧਰਮ ਬਦਲ ਕੇ ਮੁਬਾਰਕ ਖਾਂ ਦੀ ਫੌਜ 'ਚ ਭਰਤੀ ਹੋ ਗਿਆ। ਆਪਣੇ ਹੌਂਸਲੇ, ਬੁੱਧੀ, ਕੌਸ਼ਲ ਸਦਕਾ ਬਾਦਸ਼ਾਹ ਦੇ ਬਹੁਤ ਨਜ਼ਦੀਕ ਪਹੁੰਚ ਗਿਆ। ਕ੍ਰਾਂਤੀਕਾਰੀ ਖੁਸ਼ਰਾਵ ਨੇ ਥੋੜ੍ਹੇ-ਥੋੜ੍ਹੇ ਕਰਕੇ ਆਪਣੇ ਰਿਸ਼ਤੇਦਾਰ ਅਤੇ ਆਪਣੀ ਜਾਤੀ ਦੇ ਲੋਕ ਮਹਿਲ 'ਚ ਦਾਖਲ ਕਰਵਾ ਲਏ। ਇਕ ਦਿਨ ਉਹ ਆਪਣੀ ਯੋਜਨਾ ਵਿਚ ਸਫਲ ਹੋ ਗਿਆ। ਅਪ੍ਰੈਲ 1320 ਨੂੰ ਖੁਸ਼ਰਾਵ ਨੇ ਸੰਪੂਰਨ ਕ੍ਰਾਂਤੀ ਦਾ ਡੰਕਾ ਵਜ੍ਹਾ ਦਿੱਤਾ। ਤੁਰਕ ਬਾਦਸ਼ਾਹ ਮੁਬਾਰਕ ਖਾਂ ਦਾ ਸਿਰ ਕਲਮ ਕਰਕੇ ਤੁਰਕ ਸਾਮਰਾਜ ਤੋਂ ਭਾਰਤ ਨੂੰ ਆਜ਼ਾਦ ਕਰਵਾਇਆ।

**ਗੁਰਮੁਖ ਢੋਡ**

# ਸ੍ਰੀ ਗੁਰੂ ਰਵਿਦਾਸ ਜੀ

ਵਾਂਗ ਰਵੀ ਗੁਰੂ ਰਵਿਦਾਸ ਦੀ ਰੌਸ਼ਨੀ ਸੀ, ਰੱਬ ਆਪ ਸੀ ਧਾਰ ਅਵਤਾਰ ਆਇਆ।
ਹੱਥੀਂ ਕਿਰਤ ਤੇ ਮਨ ਵਿਚ ਪ੍ਰਭ ਭਗਤੀ, ਦੁਖੀ ਜਨਤਾ ਦਾ ਅਲੰਬਰਦਾਰ ਆਇਆ।
ਦੁਖੀ, ਦੀਨ ਦਲਿੱਦਰ ਤੇ ਦਰੜਿਆਂ ਦਾ, ਦਲਿਤ ਵਰਗ ਦਾ ਬਣ ਕੇ ਦਿਲਦਾਰ ਆਇਆ।
ਰਾਹ ਸੱਚ ਦਾ ਦੱਸਿਆ ਗੁਰੂ ਜੀ ਨੇ, ਬੇੜਾ ਕੌਮ ਦਾ ਕਰਨ ਉਹ ਪਾਰ ਆਇਆ।
ਬੇਗ਼ਮਪੁਰੇ ਦਾ ਸੁਪਨਾ ਸੀ ਸੋਚ ਅੰਦਰ, ਜਿੱਥੇ ਲੋਕ ਸਭ ਇਕ ਸਮਾਨ ਹੋਵਣ।
ਨਾ ਦੁੱਖ ਹੋਵੇ ਨਾ ਅੰਦੋਹ ਹੋਵੇ, ਬੇ-ਫ਼ਿਕਰ, ਬੇ-ਖ਼ੌਫ਼ ਇਨਸਾਨ ਹੋਵਣ।
ਦੋਮ, ਸੋਮ ਦੀ ਗਣਿਤ ਨਾ ਹੋਏ ਜਿੱਥੇ, ਇਕੋ ਜਿਹੇ ਹੀ ਸੁਖ ਸਾਮਾਨ ਹੋਵਣ।
ਇਹੋ ਜਿਹਾ ਇਹ ਦੇਸ਼ ਬਣ ਜਾਏ ਮੇਰਾ, ਸੁਖੀ ਜਿਥੇ ਸਭ ਜੀਵ ਇਨਸਾਨ ਹੋਵਣ।
ਦਾਣੇ ਪਾਣੀ ਦੀ ਥੁੜ ਨਾ ਹੋਏ ਜਿੱਥੇ, ਵੱਸੋਂ ਸਾਰੀ ਸਿਆਣੀ ਵਿਦਵਾਨ ਹੋਵੇ।
ਭੁੱਖ, ਨੰਗ ਦਾ ਨਾਮੋ-ਨਿਸ਼ਾਨ ਮਿਟ ਜਾਏ, ਹਰ ਬੰਦਾ ਹੀ ਗ਼ਨੀ ਧਨਵਾਨ ਹੋਵੇ।
ਜਿੱਥੇ ਕੋਈ ਨਾ ਕਿਸੇ ਨੂੰ ਰੋਕ ਸਕੇ, ਖੜ੍ਹਾ ਕਿਤੇ ਨਾ ਕੋਈ ਦਰਬਾਨ ਹੋਵੇ।
ਕਾਇਮ ਸਦਾ ਲਈ ਹੋਵੇ ਇਕ ਬਾਦਸ਼ਾਹੀ, ਹਰ ਬੰਦਾ ਹੀ ਜਿੱਥੇ ਸੁਲਤਾਨ ਹੋਵੇ।
ਗੁਰੂ ਗ੍ਰੰਥ 'ਚੋਂ ਮਿਲੇ ਉਪਦੇਸ਼ ਉਸ ਦਾ, ਵਾਰ-ਵਾਰ ਉਸ ਨੂੰ ਨਮਸਕਾਰ ਕਰੀਏ।
ਊਚ-ਨੀਚ ਦਾ ਫ਼ਰਕ ਮਿਟਾ ਕੇ ਤੇ, ਸੁਪਨਾ ਉਸ ਦਾ ਅਸੀਂ ਸਾਕਾਰ ਕਰੀਏ।



ਰਛਪਾਲ ਸਿੰਘ ਬੱਧਣ

# ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਮਨਾਉਣ ਸੰਬੰਧੀ ਬੇਨਤੀ

ਸਤਿਗੁਰਾਂ ਦੇ ਪ੍ਰਕਾਸ਼ ਉਤਸਵ ਬੜੇ ਧੂਮ-ਧੜੱਕੇ ਨਾਲ ਮਨਾਏ ਜਾਂਦੇ ਹਨ। ਲੱਗਦਾ ਹੈ ਕਿ ਇਹ ਚਾਹ ਪਕੌੜਿਆਂ ਅਤੇ ਹੋਰ ਵੱਖਰੇ-ਵੱਖਰੇ ਪਕਵਾਨਾਂ ਦੇ ਭੇਂਟ ਚੜ੍ਹਦੇ ਜਾ ਰਹੇ ਹਨ। ਇਨ੍ਹਾਂ ਵਿਚੋਂ ਸਹਿਜਤਾ ਤੇ ਸੁਹਿਦਤਾ ਸਾਂਝੀਵਾਲਤਾ ਹੌਲੀ-ਹੌਲੀ ਘੱਟਦੀ ਜਾ ਰਹੀ ਹੈ। ਇਹ ਪੁਰਬ ਸਾਨੂੰ ਰਲਮਿਲ ਕੇ ਪਿਆਰ ਨਾਲ ਸਾਦਗੀ ਨਾਲ ਰਹਿ ਕੇ ਮਨਾਉਣੇ ਚਾਹੀਦੇ ਹਨ। ਜਿਥੇ ਅਸੀਂ ਤਰ੍ਹਾਂ-ਤਰ੍ਹਾਂ ਦੇ ਪਕਵਾਨਾਂ ਦੇ ਲੰਗਰ ਲਗਾਉਂਦੇ ਹਾਂ, ਛਕਦੇ ਹਾਂ, ਉਥੇ ਸਾਨੂੰ ਬਾਣੀ ਦੇ ਲੰਗਰ ਵੀ ਲਗਾਉਣੇ, ਛਕਣੇ ਚਾਹੀਦੇ ਹਨ। ਗੁਰੂ ਜੀ ਦੀ ਵਿਚਾਰਧਾਰਾ ਜੀਵਨ ਦਾ ਸਾਹਿਤ ਅਤੇ ਬਾਣੀ ਦੇ ਗੁਟਕਾ ਸਾਹਿਬ ਵੀ ਸੰਗਤਾਂ ਨੂੰ ਪਹੁੰਚਾਉਣੇ ਚਾਹੀਦੇ ਹਨ। ਸਮਾਜ ਵਿਚੋਂ ਛੂਆ-ਛਾਤ, ਜਾਤ-ਪਾਤ ਤੇ ਊਚ-ਨੀਚ ਦਾ ਫਰਕ ਮਿਟਾਉਣਾ ਚਾਹੀਦਾ ਹੈ। ਸਤਿਗੁਰਾਂ ਦਾ ਜਨਮ ਸਾਦਗੀ ਵਿਚ ਰਹਿ ਕੇ ਹਰ ਤਰ੍ਹਾਂ ਦੇ ਆਵਾਜ਼, ਪ੍ਰਦੂਸ਼ਣ, ਕੂੜੇ-ਕਰਕਟ ਦਾ ਪ੍ਰਦੂਸ਼ਣ, ਪਟਾਖਿਆਂ ਦੇ ਪ੍ਰਦੂਸ਼ਣ ਤੋਂ ਰਹਿਤ ਮਨਾਈਏ। ਸਤਿਗੁਰਾਂ ਦੁਆਰਾ ਬਾਣੀ ਵਿਚ ਦਿੱਤੇ ਗਏ ਸਿਧਾਂਤਾਂ ਨੂੰ ਆਪਣੇ ਜੀਵਨ ਦਾ ਆਧਾਰ ਬਣਾ ਕੇ ਅਨੰਦਮਈ ਜੀਵਨ ਜੀਵੀਏ।

# ਐਸੋਸੀਏਸ਼ਨ ਆਫ਼ ਵਲੰਟੀਅਰ ਫਾਰ ਸਟੂਡੈਂਟਸ ਰਾਇਟਸ ਵੱਲੋਂ ਅਪੀਲ

## ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਧਿਆਨ ਦੇਣ

**ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਸਰਕਾਰੀ ਜਾਂ ਪ੍ਰਾਈਵੇਟ ਵਿਦਿਅਕ ਅਦਾਰਿਆਂ (ਕਾਲਜਾਂ) ਵਿਚ ਪੜ੍ਹ ਰਹੇ 2.50 ਲੱਖ ਤੋਂ ਘੱਟ ਸਲਾਨਾ ਪਰਿਵਾਰਕ ਆਮਦਨ ਵਾਲੇ ਐਸ.ਸੀ. ਵਿਦਿਆਰਥੀਆਂ ਦੀਆਂ ਫੀਸਾਂ ਮੁਆਫ਼**

ਪੰਜਾਬ ਵਿਚ ਅਨੁਸੂਚਿਤ ਜਾਤੀ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਹਰ ਤਰ੍ਹਾਂ ਦੇ ਸਰਕਾਰੀ/ਅਰਧ ਸਰਕਾਰੀ ਅਤੇ ਨਿੱਜੀ ਕਾਲਜਾਂ/ਯੂਨੀਵਰਸਿਟੀਆਂ ਵਿਚ ਬਿਨ੍ਹਾਂ ਕਿਸੇ ਵੀ ਫੀਸ ਤੋਂ ਦਾਖ਼ਲੇ ਦੀ ਸਹੂਲਤ ਲਾਗੂ ਹੈ ਪਰ ਵਿਦਿਅਕ ਅਦਾਰੇ ਇਸ ਸਕੀਮ ਨੂੰ ਲਾਗੂ ਨਾ ਕਰਕੇ ਐਸ.ਸੀ. ਵਿਦਿਆਰਥੀਆਂ ਦੇ ਭਵਿੱਖ ਨੂੰ ਖਰਾਬ ਕਰ ਰਹੇ ਹਨ।

ਅਨੁਸੂਚਿਤ ਜਾਤੀ ਵਿਦਿਆਰਥੀ ਜਿਨ੍ਹਾਂ ਦੇ ਮਾਪਿਆਂ ਦੀ ਸਲਾਨਾ ਪਰਿਵਾਰਿਕ ਆਮਦਨ 2.5 ਲੱਖ ਰੁਪਏ ਤੋਂ ਘੱਟ ਹੋਵੇ ਤਾਂ ਉਹ ਇਸ ਸਕੀਮ ਦੇ ਘੇਰੇ ਵਿਚ ਆਉਂਦੇ ਹਨ। ਵਿਦਿਆਰਥੀ ਨੂੰ ਇਸ ਸਕੀਮ ਦਾ ਲਾਭ ਲੈਣ ਲਈ ਆਪਣਾ ਐਸ.ਸੀ. ਜਾਤੀ ਪ੍ਰਮਾਣ ਪੱਤਰ, ਆਮਦਨ ਸੰਬੰਧੀ ਸਵੈ-ਘੋਸ਼ਣਾ ਪੱਤਰ, ਪੰਜਾਬ ਡੋਮੀਸਾਇਲ (ਰਿਹਾਇਸ਼) ਸਰਟੀਫਿਕੇਟ ਅਤੇ ਆਧਾਰ ਕਾਰਡ ਦੀ ਕਾਪੀ ਦਾਖ਼ਲੇ ਸਮੇਂ ਲੋੜੀਂਦੇ ਹਨ ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਥੀ ਮਿਤੀ ਤੱਕ ਨਿਰਧਾਰਿਤ ਫਾਰਮ ਭਰ ਕੇ ਕਾਲਜ ਪਾਸ ਜਮ੍ਹਾਂ ਕਰਵਾਉਣਾ ਹੁੰਦਾ ਹੈ।

ਇਸ ਸਕੀਮ ਤਹਿਤ 10ਵੀਂ ਜਮਾਤ ਤੋਂ ਬਾਅਦ ਵਾਲੇ ਸਾਰੇ ਕੋਰਸ ਅਤੇ ਅੱਗੇ ਦੀ ਪੜ੍ਹਾਈ ਕਰਨ ਵਾਸਤੇ ਸਕੂਲਾਂ, ਕਾਲਜਾਂ ਅਤੇ ਕਿਸੇ ਵੀ ਤਰ੍ਹਾਂ ਦੀ ਵਿੱਦਿਅਕ ਸੰਸਥਾ ਵਿਚ ਲੱਗਣ ਵਾਲੀਆਂ ਫੀਸਾਂ ਸਰਕਾਰ ਦੁਆਰਾ ਸਕਾਲਰਸ਼ਿਪ ਦੇ ਰੂਪ ਵਿਚ ਵਾਪਿਸ ਕੀਤੀਆਂ ਜਾਂਦੀਆਂ ਹਨ। ਇਸ ਲਈ ਸਰਕਾਰ ਨੇ ਸਕਾਲਰਸ਼ਿਪ ਬਾਅਦ ਵਿਚ ਵੀ ਦੇਣ ਦੀ ਬਜਾਏ ਫੀਸ ਵਿਚ ਛੋਟ ਦੇ ਦਿੱਤੀ ਹੈ ਅਤੇ ਇਹ ਰਕਮ ਕਾਲਜ ਨੂੰ ਸਰਕਾਰ ਦੁਆਰਾ ਦਿੱਤੀ ਜਾਵੇਗੀ, ਭਾਵ ਐਸ.ਸੀ. ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਾ ਲਾਭ ਦਾਖਲੇ ਸਮੇਂ ਹੀ ਦੇ ਦਿੱਤਾ ਜਾਵੇਗਾ।

ਪੰਜਾਬ ਸਰਕਾਰ ਦੁਆਰਾ ਐਸ.ਸੀ. ਵਿਦਿਆਰਥੀਆਂ ਤੋਂ ਫੀਸ ਨਾ ਵਸੂਲਣ ਸੰਬੰਧੀ ਹਦਾਇਤਾਂ ਭਲਾਈ ਵਿਭਾਗ ਦੁਆਰਾ ਸਾਰੇ ਸੰਬੰਧਿਤ ਅਦਾਰੇ, ਵਿਦਿਅਕ ਅਦਾਰੇ, ਯੂਨੀਵਰਸਿਟੀਆਂ ਨੂੰ 11-7-2007 ਮੀਮੋ ਨੰ. ਐ.ਵਿ.ਪੇ. ਨੰ. 3-74-07 ਐਸ.ਏ.-11/2247 ਅਤੇ ਮਿਤੀ 25-6-2010 ਮੀਮੋ ਨੰ. 3-74-67-ਐਸ.ਏ.-1/1062-1071 ਦੁਆਰਾ ਲਿਖਤੀ ਰੂਪ ਵਿਚ ਦਿੱਤੀਆਂ ਗਈਆਂ ਹਨ।

ਇਸ ਤੋਂ ਇਲਾਵਾ ਸੰਬੰਧਿਤ ਵਿਭਾਗਾਂ ਦੁਆਰਾ ਵੀ ਸਮੇਂ-ਸਮੇਂ ਤੇ ਪੰਜਾਬ ਰਾਜ ਦੇ ਸਮੂਹ ਸਰਕਾਰੀ ਅਤੇ ਨਿੱਜੀ ਕਾਲਜਾਂ/ਯੂਨੀਵਰਸਿਟੀਆਂ/ਵਿਦਿਅਕ ਸੰਸਥਾਵਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਉਹ ਲਾਭ ਲੈਣ ਵਾਲੇ ਵਿਦਿਆਰਥੀਆਂ ਤੋਂ ਕਿਸੇ ਵੀ ਕਿਸਮ ਦੀ ਫੀਸ ਨਾ ਵਸੂਲਣ ਅਤੇ ਇਹ ਫੀਸਾਂ ਸੰਬੰਧਿਤ ਕਾਲਜਾਂ/ਯੂਨੀਵਰਸਿਟੀਆਂ/ਵਿਦਿਅਕ ਸੰਸਥਾਵੰ ਨੂੰ ਸਰਕਾਰ ਦੁਆਰਾ

ਦਿੱਤੀਆਂ ਜਾਣਗੀਆਂ।

ਫੀਸਾ ਨਾ ਲੈਣ ਬਾਰੇ ਹਦਾਇਤਾਂ ਵਿਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਜੇਕਰ ਕੋਈ ਵਿਦਿਅਕ ਸੰਸਥਾ ਐਸ.ਸੀ. ਵਿਦਿਆਰਥੀ ਜਿਨ੍ਹਾਂ ਦੇ ਮਾਪਿਆਂ ਦੀ ਸਲਾਨਾ ਆਮਦਨ 2.5 ਲੱਖ ਤੋਂ ਘੱਟ ਹੈ, ਪਾਸੋਂ ਫੀਸ ਵਸੂਲਦੇ ਪਾਏ ਗਏ ਤਾਂ ਉਸ ਕਾਲਜ/ਸੰਸਥਾ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਕਾਲਜ/ਸੰਸਥਾ ਦੀ ਮਾਨਤਾ ਰੱਦ ਕੀਤੀ ਜਾ ਸਕਦੀ ਹੈ।

ਸਪੱਸ਼ਟ ਹਦਾਇਤਾਂ ਦੇ ਬਾਵਜੂਦ ਵੀ ਰਾਜ ਦੇ ਜ਼ਿਆਦਾਤਰ ਕਾਲਜਾਂ/ ਯੂਨੀਵਰਸਿਟੀਆਂ/ ਵਿਦਿਅਕ ਅਦਾਰੇ ਐਸ.ਸੀ. ਵਿਦਿਆਰਥੀਆਂ ਤੋਂ ਫੀਸਾਂ ਵਸੂਲ ਰਹੇ ਹਨ ਅਤੇ ਸਰਕਾਰੀ ਹਦਾਇਤਾਂ ਦੀ ਘੋਰ ਉਲੰਘਣਾ ਕਰ ਰਹੇ ਹਨ, ਜਿਸ ਕਾਰਨ ਬਹੁਤ ਸਾਰੇ ਐਸ.ਸੀ. ਵਿਦਿਆਰਥੀ ਆਪਣੀ ਪੜ੍ਹਾਈ ਜਾਰੀ ਰੱਖਣ ਤੋਂ ਅਸਮਰੱਥ ਹਨ। ਅਨੁਸੂਚਿਤ ਜਾਤੀ ਵਿਦਿਆਰਥੀ, ਮਾਪੇ ਅਤੇ ਸਮਾਜ ਲਈ ਚਿੰਤਕ ਲੋਕਾਂ ਨੂੰ ਬੇਨਤੀ ਹੈ ਕਿ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਹੋ ਰਹੀ ਧੱਕੇਸ਼ਾਹੀ ਵਿਰੁੱਧ ਆਵਾਜ਼ ਉਠਾਉਣ ਅਤੇ ਬਣਦੀ ਕਾਰਵਾਈ ਕਰਵਾਉਣ।

ਜੇਕਰ ਕੋਈ ਵੀ ਕਾਲਜ/ਯੂਨੀਵਰਸਿਟੀ/ਵਿਦਿਅਕ ਅਦਾਰਾ ਉਪਰੋਕਤ ਹਦਾਇਤਾਂ ਦੀ ਪਾਲਣਾ ਨਹੀਂ ਕਰ ਰਿਹਾ ਅਤੇ ਐਸ.ਸੀ. ਵਿਦਿਆਰਥੀਆਂ ਤੋਂ ਫੀਸਾਂ ਵਸੂਲ ਰਹੇ ਹਨ ਤਾਂ ਜ਼ਿਲ੍ਹੇ ਦੇ ਡੀ.ਸੀ., ਐਸ.ਡੀ.ਐਮ. ਜਾਂ ਫਿਰ ਜ਼ਿਲ੍ਹਾ ਭਲਾਈ ਅਫ਼ਸਰ ਕੋਲ ਲਿਖਤੀ ਸ਼ਿਕਾਇਤ ਕੀਤੀ ਜਾਵੇ।

ਇਸ ਤੋਂ ਇਲਾਵਾ ਇਕ ਲਿਖਤੀ ਸ਼ਿਕਾਇਤ ਪੰਜਾਬ ਸਰਕਾਰ ਦੇ ਸੰਬੰਧਿਤ ਵਿਭਾਗਾਂ ਜਿਵੇਂ ਕਿ ਡੀ.ਪੀ.ਆਈ. (ਕਾਲਜਾਂ), (ਪਤਾ - ਪੰਜਾਬ ਸਕੂਲ ਐਜੂਕੇਸ਼ਨ ਬੋਰਡ ਫੇਸ-8 ਮੋਹਾਲੀ) ਡਾਇਰੈਕਟਰ ਡਾਕਟਰੀ ਸਿੱਖਿਆ ਅਤੇ ਖੋਜ (ਪਤਾ - ਐਸ.ਸੀ.ਓ. 87 ਸੈਕਟਰ 40-ਸੀ ਚੰਡੀਗੜ੍ਹ) ਡਾਇਰੈਕਟਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ (ਪਤਾ - ਪਲਾਟ ਨੰ. 1, ਸੈਕਟਰ 36-ਏ ਚੰਡੀਗੜ੍ਹ) ਅਤੇ ਸ਼ਿਕਾਇਤ ਦੀ ਇਕ ਕਾਪੀ ਡਾਇਰੈਕਟਰ ਐਸ.ਸੀ./ਬੀ.ਸੀ. ਭਲਾਈ ਵਿਭਾਗ (ਪਤਾ - ਐਸ.ਸੀ.ਓ. 128-129 ਸੈਕਟਰ 34-ਏ ਚੰਡੀਗੜ੍ਹ) ਨੂੰ ਭੇਜੀ ਜਾਵੇ।

ਇਸ ਸਭ ਤੋਂ ਇਲਾਵਾ ਤੁਸੀਂ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਮੱਦਦ ਦੇ ਲਈ ਐਸੋਸੀਏਸ਼ਨ ਆਫ਼ ਫਾਰ ਸਟੂਡੈਂਟਸ ਰਾਈਟਸ ਪੰਜਾਬ ਦੇ ਹੈਲਪਲਾਈਨ ਨੰਬਰਾਂ 97791-39641 ਅਤੇ 81467-04258 ਤੇ ਸੋਮਵਾਰ ਤੋਂ ਸ਼ੁਕਰਵਾਰ ਸਵੇਰ 10 ਤੋਂ ਸ਼ਾਮ 6 ਵਜੇ ਤੱਕ ਸੰਪਰਕ ਕਰ ਸਕਦੇ ਹੋ। ਇਸ ਸਕੀਮ ਦਾ ਲਾਭ ਹਰ ਐਸ.ਸੀ. ਵਿਦਿਆਰਥੀ ਤੱਕ ਪਹੁੰਚਾਉਣ ਲਈ ਸਾਡੇ ਦੁਆਰਾ ਚਲਾਈ ਜਾ ਰਹੀ ਮੁਹਿੰਮ ਨੂੰ ਤੇਜ ਕਰਨ ਅਤੇ ਆਪਣੇ ਹੱਕ ਲੈਣ ਲਈ ਸਾਡਾ ਸਾਥ ਦਿਓ। ਸੰਸਥਾ ਵੱਲੋਂ ਕੀਤੇ ਜਾਂਦੇ ਵਿਦਿਆਰਥੀ ਸੰਮੇਲਨਾਂ ਵਿਚ ਵਿਦਿਆਰਥੀ ਅਤੇ ਮਾਪੇ ਵੱਧ ਚੜ੍ਹ ਕੇ ਹਿੱਸਾ ਲੈਣ।

## ਵੱਲੋਂ - ਐਸੋਸੀਏਸ਼ਨ ਆਫ਼ ਵਲੰਟੀਅਰ ਫਾਰ ਸਟੂਡੈਂਟਸ ਰਾਇਟਸ

**ਪੈਟਰਨ-ਕਮ-ਚੇਅਰਮੈਨ ਡਾ. ਜੀ.ਸੀ. ਕੌਲ, ਐਮ.ਏ. ਪੀ.ਐਚ.ਡੀ., ਕਨਵੀਨਰ ਰਾਜੇਸ਼ ਕੁਮਾਰ,**

**ਜਨਰਲ ਸੈਕਟਰੀ ਧਰਮਪਾਲ ਲੀਲ, ਜੁਆਇੰਟ ਸੈਕਟਰੀ ਸੁਰਿੰਦਰ ਕੁਮਾਰ,**

**ਫਾਈਨਾਂਸ ਸੈਕਟਰੀ ਸੋਮਨਾਥ, ਲੀਗਲ ਅਡਵਾਈਜ਼ਰ ਗੌਤਮ ਥਾਪਰ**

# ਯਾਦਾਂ ਦੇ ਝਰੋਖੇ 'ਚੋਂ




ਸੰਨ 1979 ਨੂੰ ਨਵੀਂ ਅਬਾਦੀ ਭੋਗਪੁਰ (ਜਲੰਧਰ) ਵਿਖੇ ਆਦਿ ਧਰਮ ਮੰਡਲ ਦੇ ਪ੍ਰਧਾਨ ਬਾਬੂ ਮੰਗੂ ਰਾਮ ਮੁਗੋਵਾਲੀਆ ਸਮਾਗਮ ਦੌਰਾਨ ਇਕ ਯਾਦਗਾਰੀ ਤਸਵੀਰ ਕਰਾਉਂਦੇ ਹੋਏ। (1) ਬਾਬੂ ਮੰਗੂ ਰਾਮ ਮੁਘੋਵਾਲੀਆ (2) ਮਾਸਟਰ ਰਾਮ ਧਨ ਨਾਂਗਲੂ (ਭੋਗਪੁਰ), ( 3) ਚੌਧਰੀ ਹਜ਼ਾਰਾ ਰਾਮ, (4) ਮਾਸਟਰ ਰਾਮ ਕਿਸ਼ਨ ਭੋਗਪੁਰ ਅਤੇ ਹੋਰ ਆਗੂ

## ਵਿਸ਼ਵ ਸਾਂਝੀਵਾਲਤਾ ਦੇ ਸਿਰਜਕ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 637ਵੇਂ ਪ੍ਰਕਾਸ਼ ਦਿਹਾੜੇ ਦੀ ਲੱਖ-ਲੱਖ ਵਧਾਈ



ਡਾ. ਜੀ.ਸੀ. ਕੌਲ
ਜਲੰਧਰ



ਸੂਬੇਦਾਰ ਮੇਜਰ
ਪਿਆਰੇ ਲਾਲ ਚਖਿਆਰਾ



ਦੀਵਾਨ ਚੰਦ ਮੰਡਲ
ਆਦਮਪੁਰ



ਟਹਿਲ ਬਿਨਪਾਲਕੇ
ਜਲੰਧਰ



ਡਾ. ਸ਼ਾਮ ਲਾਲ
ਅੱਡਾ ਡੀਗਰੀਆ



ਐਡਵੋਕੇਟ
ਹਰਪ੍ਰੀਤ ਸ਼ਾਵਰ



ਬਲਜਿੰਦਰ ਕੁਮਾਰ
ਪਾਲਨੌਂ ਫਿਲੌਰ



ਰਣਜੀਤ ਸਿੰਘ
ਬਿਨਪਾਲਕੇ